ਰੋਜ਼ਾਨਾ ਲੋਕ ਬਾਣੀ ਨੂੰ ਪੱਤਰਕਾਰਾਂ ਦੀ ਲੋੜ
99155-94111

ਸੱਚ ਤੇ ਨਿਡਰ ਆਵਾਜ਼
ਰੋਜ਼ਾਨਾ
# ਲੋਕ ਬਾਣੀ
DAILY LOKBANI JALANDHAR
ਮੁੱਖ ਸੰਪਾਦਕ : ਅਮਨਦੀਪ ਮਹਿਰਾ
ਬੁੱਧਵਾਰ, 17 ਜੁਲਾਈ 2024

### ਅੱਜ ਦਾ ਸ਼ੁਭ ਵਿਚਾਰ



75ਵੇਂ ਵਣ ਮਹਾਂਉਤਸਵ ਮੌਕੇ ਵੱਧ ਤੋਂ ਵੱਧ ਬੂਟੇ ਲਗਾ ਕੇ ਅਤੇ ਮਨੁੱਖਤਾ ਨੂੰ ਬਿਮਾਰੀਆਂ ਤੋਂ ਬਚਾਉਣ ਦਾ ਸੱਦਾ ਦਿੱਤਾ। ਬੂਟੇ ਲਗਾਓ, ਪੰਜਾਬ ਨੂੰ ਹਰਿਆ ਭਰਿਆ ਬਣਾਓ।

ਪ੍ਰੇਮੀ ਬਿੰਦੂ ਗਰਗ

ਰੋਜ਼ਾਨਾ ਲੋਕ ਬਾਣੀ
www.lokbani.com

R. N. I. Punpun/29016/2008 * ਸਾਲ 16 , * ਅੰਕ : 44

ਹਰ ਰੋਜ਼ ਲੱਗ ਰਹੇ ਹਨ ਵੀਜ਼ਾ ਹੀ ਵੀਜ਼ਾ
ਕੈਨੇਡਾ
2155 ਵੀਜ਼ਾ
1 ਜਨਵਰੀ ਤੋਂ 30 ਮਾਰਚ ਤੱਕ ਲੱਗੇ
ਕੈਨੇਡਾ/ਯੂ. ਕੇ./ ਆਸਟ੍ਰੇਲੀਆਂ ਟੂਰਿਸਟ ਵੀਜ਼ਾ
easyvisa | 8194828282

## ਅਫਗਾਨਿਸਤਾਨ ਵਿਚ ਵਾਪਰੀਆਂ ਸੜਕ ਹਾਦਸਾ 17 ਲੋਕਾਂ ਦੀ ਹੋਈ ਮੌਤ



ਅਫਗਾਨਿਸਤਾਨ (ਲੋਕ ਬਾਣੀ) -ਉੱਤਰੀ ਅਫਗਾਨਿਸਤਾਨ ਦੇ ਬਗਲਾਨ ਸੂਬੇ ਵਿਚ ਮੰਗਲਵਾਰ ਨੂੰ ਇਕ ਯਾਤਰੀ ਬੱਸ ਦੇ ਖੱਡ ਵਿਚ ਡਿੱਗਣ ਕਾਰਨ ਘੱਟੋ-ਘੱਟ 17 ਲੋਕਾਂ ਦੀ ਮੌਤ ਹੋ ਗਈ ਅਤੇ 34 ਜ਼ਖਮੀ ਹੋ ਗਏ। ਪੁਲਿਸ ਅਧਿਕਾਰੀ ਨੇ ਦੱਸਿਆ ਕਿ ਲਾਪ੍ਰਵਾਹੀ ਨਾਲ ਡਰਾਈਵਿੰਗ ਕਰਨ ਕਾਰਨ ਮੰਗਲਵਾਰ ਸਵੇਰੇ ਖਿੰਜਨ ਜ਼ਿਲ੍ਹੇ ਵਿਚ ਭਿਆਨਕ ਟ੍ਰੈਫਿਕ ਹਾਦਸਾ ਵਾਪਰਿਆ, ਜਿਸ ਵਿਚ ਤਿੰਨ ਬੱਚਿਆਂ, ਦੋ ਔਰਤਾਂ ਅਤੇ 12 ਪੁਰਸ਼ਾਂ ਸਮੇਤ 17 ਯਾਤਰੀਆਂ ਦੀ ਮੌਤ ਹੋ ਗਈ। ਔਰਤਾਂ ਅਤੇ ਬੱਚਿਆਂ ਸਮੇਤ 34 ਹੋਰ ਜ਼ਖ਼ਮੀ ਹੋ ਗਏ, ਜਿਨ੍ਹਾਂ ਵਿਚੋਂ ਕੁਝ ਦੀ ਹਾਲਤ ਗੰਭੀਰ ਹੈ।

## ਅਮਰੀਕਾ ਵਿਚ ਟਰੰਪ ਨੇ ਸੈਨੇਟਰ ਜੇਡੀ ਵੇਂਸ ਨੂੰ ਉਪਰਾਸ਼ਟਰਪਤੀ ਦਾ ਉਮੀਦਵਾਰ ਚੁੱਣ ਲਿਆ



ਅਮਰੀਕਾ, (ਲੋਕ ਬਾਣੀ) ਅਮਰੀਕਾ ਵਿਚ ਡੋਨਾਲਡ ਟਰੰਪ ਨੇ ਓਹਾਇਓ ਦੇ ਸੈਨੇਟਰ ਜੇਡੀ ਵੇਂਸ (39) ਨੂੰ ਆਪਣਾ ਉਪ-ਰਾਸ਼ਟਰਪਤੀ ਉਮੀਦਵਾਰ ਚੁਣ ਲਿਆ ਹੈ। ਟਰੰਪ ਨੇ ਵੇਂਸ 'ਤੇ ਭਰੋਸਾ ਪ੍ਰਗਟਾਇਆ ਹੈ, ਜੋ ਕਦੇ ਉਨ੍ਹਾਂ ਦਾ ਆਲੋਚਕ ਸੀ ਅਤੇ ਬਾਅਦ 'ਚ ਕਰੀਬੀ ਸਹਿਯੋਗੀ ਬਣ ਗਿਆ।

## ਜੰਮੂ ਕਸ਼ਮੀਰ ਵਿਚ ਅਤਵਾਦੀ ਮੁਕਾਬਲੇ ਦੌਰਾਨ ਪੰਜ ਜਵਾਨ ਹੋਏ ਸ਼ਹੀਦ



ਜੰਮੂ-ਕਸ਼ਮੀਰ (ਲੋਕ ਬਾਣੀ ) ਜੰਮੂ-ਕਸ਼ਮੀਰ ਦੇ ਡੋਡਾ 'ਚ ਅੱਤਵਾਦੀਆਂ ਨਾਲ ਮੁਕਾਬਲੇ 'ਚ ਫੌਜ ਦੇ 4 ਜਵਾਨ ਸ਼ਹੀਦ ਹੋ ਗਏ ਹਨ। ਜੰਮੂ ਪੁਲਿਸ ਦਾ ਇੱਕ ਪੁਲਿਸ ਮੁਲਾਜ਼ਮ ਵੀ ਮਾਰਿਆ ਗਿਆ ਹੈ।

ਅੱਤਵਾਦੀਆਂ ਨੇ ਤਲਾਸ਼ੀ ਮੁਹਿੰਮ ਚਲਾ ਰਹੇ ਸੁਰੱਖਿਆ ਬਲਾਂ 'ਤੇ ਹਮਲਾ ਕਰ ਦਿੱਤਾ। ਇਸ ਦੌਰਾਨ ਗ੍ਰਨੇਡ ਹਮਲੇ ਅਤੇ ਗੋਲੀਬਾਰੀ 'ਚ ਜਵਾਨ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਫੌਜ ਦੇ ਹਸਪਤਾਲ ਲਿਜਾਇਆ ਗਿਆ, ਪਰ ਇਲਾਜ ਦੌਰਾਨ ਉਨ੍ਹਾਂ ਦੀ ਮੌਤ ਹੋ ਗਈ।

ਇਸ ਅੱਤਵਾਦੀ ਹਮਲੇ ਦੀ ਜ਼ਿੰਮੇਵਾਰੀ ਕਸ਼ਮੀਰ ਟਾਈਗਰਜ਼ ਅੱਤਵਾਦੀ ਸੰਗਠਨ ਨੇ ਲਈ ਹੈ, ਜਿਸ ਦੇ ਅੱਤਵਾਦੀ ਡੋਡਾ ਸ਼ਹਿਰ ਤੋਂ 30 ਕਿਲੋਮੀਟਰ ਦੂਰ ਕੋਟੀ ਪਿੰਡ 'ਚ ਲੁਕੇ ਹੋਏ ਹਨ।

ਸੁਰੱਖਿਆ ਬਲਾਂ ਨੂੰ ਪਿੰਡ ਕੋਟੀ ਦੇ ਸ਼ੀਆ ਧਾਰ ਚੌਂਧ ਮਾਤਾ ਇਲਾਕੇ 'ਚ ਅੱਤਵਾਦੀਆਂ ਦੇ ਲੁਕੇ ਹੋਣ ਦੀ ਸੂਚਨਾ ਮਿਲੀ ਸੀ, ਜਿਸ 'ਤੇ ਕਾਰਵਾਈ ਕਰਦੇ ਹੋਏ ਸੁਰੱਖਿਆ ਬਲ ਅੱਤਵਾਦੀਆਂ ਦੀ ਤਲਾਸ਼ ਕਰ ਰਹੇ ਸਨ ਤਾਂ ਉਨ੍ਹਾਂ 'ਤੇ ਗੋਲੀਬਾਰੀ ਕੀਤੀ ਗਈ।

## ਮੱਧ ਪ੍ਰਦੇਸ਼ ਵਿੱਚ ਵਾਪਰੀਆਂ ਸੜਕ ਹਾਦਸਾ ਦੋ ਦੀ ਮੌਤ ਦੱਸ ਜ਼ਖ਼ਮੀ




ਮੱਧ ਪ੍ਰਦੇਸ਼ (ਲੋਕ ਬਾਣੀ) -ਮੱਧ ਪ੍ਰਦੇਸ਼ ਦੇ ਸਾਗਰ ਜ਼ਿਲ੍ਹੇ ਦੇ ਰਾਹਤਗੜ੍ਹ ਵਿਚ ਮੰਗਲਵਾਰ ਸਵੇਰੇ ਇਕ ਯਾਤਰੀ ਬੱਸ ਅਤੇ ਟਰੱਕ ਵਿਚਾਲੇ ਹੋਈ ਟੱਕਰ ਵਿਚ 2 ਲੋਕਾਂ ਦੀ ਮੌਤ ਹੋ ਗਈ ਅਤੇ ਕਰੀਬ 10 ਯਾਤਰੀ ਜ਼ਖ਼ਮੀ ਹੋ ਗਏ। ਪੁਲਿਸ ਨੇ ਦੱਸਿਆ ਕਿ ਰਾਹਤਗੜ੍ਹ ਥਾਣਾ ਖੇਤਰ ਚ ਬੱਸ ਅਤੇ ਟਰੱਕ ਵਿਚਾਲੇ ਆਹਮੋ-ਸਾਹਮਣੇ ਟੱਕਰ ਹੋ ਗਈ। ਘਟਨਾ ਦੀ ਸੂਚਨਾ ਮਿਲਦੇ ਹੀ ਸਥਾਨਕ ਪੁਲਿਸ ਟੀਮ ਤੁਰੰਤ ਹਾਦਸੇ ਵਾਲੀ ਥਾਂ ਤੇ ਪਹੁੰਚੀ ਅਤੇ ਬਚਾਅ ਅਤੇ ਰਾਹਤ ਕਾਰਜ ਸ਼ੁਰੂ ਕੀਤੇ। ਇਸ ਘਟਨਾ ਵਿਚ ਸ਼ਾਹਪੁਰ ਸਨੌਧਾ ਵਾਸੀ ਲਕਸ਼ਮਣ ਪਟੇਲ ਅਤੇ ਦਮੋਹ ਦੇ ਸਿਵਲ ਵਾਰਡ ਵਾਸੀ ਰਾਹੁਲ ਰਾਏ ਦੀ ਮੌਤ ਹੋ ਗਈ।

## ਨੀਟ ਯੂਜੀ,ਦੇ ਮੁੱਖ ਦੋਸ਼ੀ ਸਣੇ ਦੋ ਹੋਰ ਕਾਬੂ ਕੀਤੇ ਗਏ ਸੀਬੀਆਈ ਵਲੋਂ



ਨਵੀਂ ਦਿੱਲੀ,(ਲੋਕ ਬਾਣੀ ) ਸੀਬੀਆਈ ਨੇ ਨੀਟ-ਯੂਜੀ ਪੇਪਰ ਲੀਕ ਮਾਮਲੇ ਵਿੱਚ ਮੁੱਖ ਮੁਲਜ਼ਮ ਸਣੇ ਦੋ ਹੋਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਜਿਨ੍ਹਾਂ ਨੇ ਕਥਿਤ ਤੌਰ 'ਤੇ ਨੈਸ਼ਨਲ ਟੈਸਟਿੰਗ ਏਜੰਸੀ ਤੋਂ ਪੇਪਰ ਚੋਰੀ ਕੀਤਾ ਸੀ। ਅਧਿਕਾਰੀਆਂ ਨੇ ਦੱਸਿਆ ਕਿ ਇਨ੍ਹਾਂ ਦੋ ਗ੍ਰਿਫ਼ਤਾਰੀਆਂ ਨਾਲ ਮੈਡੀਕਲ ਦਾਖ਼ਲਾ ਪ੍ਰੀਖਿਆ ਲੀਕ ਹੋਣ, ਨਕਲ ਅਤੇ ਹੋਰ ਬੇਨੇਮੀਆਂ ਨਾਲ ਸਬੰਧਤ ਮਾਮਲਿਆਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੀ ਕੁੱਲ ਗਿਣਤੀ ਹੁਣ 14 ਹੋ ਗਈ ਹੈ। ਅਧਿਕਾਰੀਆਂ ਨੇ ਦੱਸਿਆ ਕਿ ਏਜੰਸੀ ਨੇ ਨੈਸ਼ਨਲ ਇੰਸਟੀਚਿਊਟ ਆਫ ਟੈਕਨਾਲੋਜੀ ਜਮਸ਼ੇਦਪੁਰ ਤੋਂ 2017 ਬੈਚ ਦੇ ਸਿਵਲ ਇੰਜਨੀਅਰ ਪੰਕਜ ਕੁਮਾਰ ਉਰਫ ਆਦਿਤਿਆ ਨੂੰ ਗ੍ਰਿਫਤਾਰ ਕੀਤਾ ਹੈ ਜਿਸ ਨੇ ਕਥਿਤ ਤੌਰ 'ਤੇ ਹਜ਼ਾਰੀਬਾਗ ਸਥਿਤ ਐਨਟੀਏ ਟਰੰਕ ਤੋਂ ਪੇਪਰ ਚੋਰੀ ਕੀਤਾ ਸੀ।

## ਸੁਖਬੀਰ ਸਿੰਘ ਬਾਦਲ ਬੋਲੇ ਨਿਮਾਣੇ ਸਿੱਖ ਵਜੋਂ ਅਕਾਲ ਤਖ਼ਤ ਸਾਹਿਬ ਤੇ ਹੋਣਗੇ ਪੇਸ਼




ਚੰਡੀਗੜ੍ਹ, (ਵਿਨੋਦ ਸ਼ਰਮਾ) ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਦੀ ਅਗਵਾਈ ਹੇਠਲੇ ਪੰਜ ਸਿੰਘ ਸਾਹਿਬਾਨ ਵੱਲੋਂ ਤਲਬ ਕੀਤੇ ਜਾਣ ਤੋਂ ਬਾਅਦ ਅੱਜ ਕਿਹਾ ਕਿ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋਣਗੇ। ਉਨ੍ਹਾਂ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਇਸ ਸਬੰਧੀ ਪੰਜਾਬੀ ਵਿੱਚ ਇਕ ਪੋਸਟ ਸਾਂਝੀ ਕੀਤੀ ਜਿਸ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਮੁਖੀ ਨੇ ਕਿਹਾ ਕਿ ਇੱਕ ਨਿਮਾਣੇ ਸਿੱਖ ਹੋਣ ਦੇ ਨਾਤੇ ਉਹ ਅਕਾਲ ਤਖ਼ਤ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਪੇਸ਼ ਹੋਣਗੇ। ਜ਼ਿਕਰਯੋਗ ਹੈ ਕਿ ਅਕਾਲੀ ਦਲ ਦੇ ਸੀਨੀਅਰ ਆਗੂਆਂ ਵੱਲੋਂ ਸੁਖਬੀਰ 'ਤੇ ਪੰਥ ਨਾਲ ਖ਼ਿਲਵਾੜ ਕਰਨ ਦੇ ਦੋਸ਼ ਲਾਏ ਗਏ ਸਨ ਜਿਸ ਤੋਂ ਬਾਅਦ ਅਕਾਲ ਤਖ਼ਤ ਨੇ ਸੁਖਬੀਰ ਨੂੰ ਤਲਬ ਕੀਤਾ ਸੀ।

## ਕਿਸਾਨਾਂ ਦਾ ਐਲਾਨ ਸ਼ੰਭੂ ਬਾਰਡਰ ਖੁੱਲਣ ਤੇ ਦਿੱਲੀ ਲਈ ਹੋਣਗੇ ਰਵਾਨਾ



ਲੁਧਿਆਣਾ, (ਸੁਖਚੈਨ ਮਹਿਰਾ) ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਅੱਜ ਕਿਹਾ ਕਿ ਜਦੋਂ ਵੀ ਅੰਬਾਲਾ ਦੇ ਸ਼ੰਭੂ ਬਾਰਡਰ ਨੇੜੇ ਬੈਰੀਕੇਡਿੰਗ ਖੋਲ੍ਹੀ ਜਾਵੇਗੀ ਤਾਂ ਕਿਸਾਨ ਦਿੱਲੀ ਵੱਲ ਰਵਾਨਾ ਹੋਣਗੇ। ਇਸ ਤੋਂ ਪਹਿਲਾਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਹਰਿਆਣਾ ਸਰਕਾਰ ਨੂੰ ਸ਼ੰਭੂ 'ਤੇ ਬੈਰੀਕੇਡਿੰਗ ਨੂੰ ਖੋਲ੍ਹਣ ਲਈ ਕਿਹਾ ਗਿਆ ਸੀ। ਜ਼ਿਕਰਯੋਗ ਹੈ ਕਿ ਕਿਸਾਨਾਂ ਨੇ 13 ਫਰਵਰੀ ਤੋਂ ਪੰਜਾਬ ਤੇ ਹਰਿਆਣਾ ਦੀ ਹੱਦ 'ਤੇ ਡੇਰੇ ਲਾਏ ਹੋਏ ਹਨ।

## ਜਲੰਧਰ ਜ਼ਿਮਨੀ ਚੋਣ ਦੀ ਉਮੀਦਵਾਰ ਸੁਰਜੀਤ ਕੌਰ ਦਿਆਂ ਮੁਸ਼ਕਲਾਂ ਵਧੀਆਂ



ਜਲੰਧਰ, (ਲੋਕ ਬਾਣੀ )--ਜਲੰਧਰ ਵੈਸਟ ਹਲਕੇ ਤੋਂ ਜ਼ਿਮਨੀ ਚੋਣ ਲੜਨ ਵਾਲੀ ਅਕਾਲੀ ਦਲ ਦੀ ਉਮੀਦਵਾਰ ਸੁਰਜੀਤ ਕੌਰ ਦੀਆਂ ਮੁਸ਼ਕਿਲਾਂ ਵਧਦੀਆਂ ਨਜ਼ਰ ਆ ਰਹੀਆਂ ਹਨ। ਦਰਅਸਲ ਪੰਜਾਬ ਭਾਜਪਾ ਦੇ ਅਨੂਸੁਚਿਤ ਜਾਤੀ ਵਿੰਗ ਦੇ ਪ੍ਰਧਾਨ ਅਤੇ ਸਾਬਕਾ ਆਈ. ਏ. ਐੱਸ. ਅਧਿਕਾਰੀ ਸੁੱਚਾ ਰਾਮ ਲਾਧਰ ਨੇ ਰਾਸ਼ਟਰੀ ਅਨੁਸੂਚਿਤ ਜਾਤੀ ਕਮਿਸ਼ਨ, ਚੋਣ ਕਮਿਸ਼ਨ ਅਤੇ ਪੰਜਾਬ ਸਰਕਾਰ ਨੂੰ ਸ਼ਿਕਾਇਤ ਭੇਜ ਕੇ ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਸੁਰਜੀਤ ਕੌਰ ਦੇ ਜਾਤੀ ਪ੍ਰਮਾਣ ਪੱਤਰ ਅਤੇ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਹੈ ਕਿਉਂਕਿ ਜਿਸ ਸੀਟ ਤੇ ਉਨ੍ਹਾਂ ਨੇ ਚੋਣ ਲੜੀ ਸੀ,

## ਪੰਜਾਬ ਸਮੇਤ ਤਿੰਨ ਰਾਜਾਂ ਵਿਚ ਤੇਜ਼ ਹਨੇਰੀ ਤੂ.ਫਾਨ ਮੀਂਹ ਦਾ ਅਲਰਟ



ਜਲੰਧਰ , (ਹਰਬੰਸ ਬਿੱਟੂ) -ਉੱਤਰ ਭਾਰਤ ਦੇ ਕਈ ਸੂਬਿਆਂ ਵਿਚ ਮੀਂਹ ਦਾ ਕਹਿਰ ਵੇਖਣ ਨੂੰ ਮਿਲ ਰਿਹਾ ਹੈ, ਜਦਕਿ ਪਹਾੜੀ ਸੂਬਿਆਂ ਵਿਚ ਜ਼ਮੀਨ ਖਿਸਕਣ ਅਤੇ ਤੇਜ਼ ਮੀਂਹ ਕਾਰਨ ਦਰਿਆ ਚੜ੍ਹੇ ਹੋਏ ਹਨ। ਇਸੇ ਵਿਚਕਾਰ ਮੌਸਮ ਵਿਗਿਆਨ ਵਿਭਾਗ ਵੱਲੋਂ ਪੰਜਾਬ, ਹਰਿਆਣਾ, ਹਿਮਾਚਲ, ਦਿੱਲੀ ਸਮੇਤ ਕਈ ਸੂਬਿਆਂ ਵਿਚ ਹਨੇਰੀ-ਤੂਫ਼ਾਨ ਅਤੇ ਤੇਜ਼ ਮੀਂਹ ਦਾ ਅਲਰਟ ਜਾਰੀ ਕੀਤਾ ਗਿਆ ਹੈ। ਅੱਜ ਤੋਂ ਠੰਢੀਆਂ ਹਵਾਵਾਂ ਅਤੇ ਬਾਰਿਸ਼ ਹੋਣ ਦੀ ਸੰਭਾਵਨਾ ਹੈ। ਦੂਜੇ ਪਾਸੇ ਉੱਤਰਾਖੰਡ ਵਿਚ ਆਮ ਤੋਂ ਵੱਧ ਮੀਂਹ ਦੀ ਚਿਤਾਵਨੀ ਦਿੱਤੀ ਗਈ ਹੈ

# ਪੰਜਾਬ ਰੋਡਵੇਜ਼ ਦੇ ਡਰਾਈਵਰ ਦਾ ਨਵਾਂ ਕਾਰਨਾਮਾ, ਸ਼ਰਾਬੀ ਹਾਲਤ ਚ ਬੱਸ ਦੇ ਇੰਜਨ ਤੇ ਸੁੱਤਾ ਡਰਾਈਵਰ ਤੇ ਬੱਸ ਸਵਾਰੀ ਨੇ ਚਲਾਈ



ਅੰਮ੍ਰਿਤਸਰ: (ਲੋਕ ਬਾਣੀ) ਮੀਡੀਆ ਤੇ ਕੁਝ ਵੀਡੀਓ ਤੇਜ਼ੀ ਨਾਲ ਵਾਇਰਲ ਹੋ ਰਹੀਆਂ ਜਿਸ ਦੇ ਵਿੱਚ ਅੰਮ੍ਰਿਤਸਰ ਤੋਂ ਚੰਡੀਗੜ੍ਹ ਜਾ ਰਹੀ ਬੱਸ ਡਰਾਈਵਰ ਜੋ ਕਿ ਸ਼ਰਾਬੀ ਹਾਲਤ ਵਿੱਚ ਬੱਸ ਦੇ ਅੰਦਰ ਹੀ ਸੁੱਤਾ ਦਿਖਾਈ ਦੇ ਰਿਹਾ ਤੇ ਇੱਕ ਸਵਾਰੀ ਵੱਲੋਂ ਹੀ ਬੱਸ ਨੂੰ ਚਲਾਇਆ ਜਾ ਰਿਹਾ ਹੈ। ਦੱਸਿਆ ਜਾ ਰਿਹਾ ਹੈ ਕਿ ਯਾਦ ਹ ਕਰੀਬ ਸਵਾਰੀਆਂ ਲੈ ਕੇ ਅੰਮ੍ਰਿਤਸਰ ਤੋਂ ਚੰਡੀਗੜ੍ਹ ਨੂੰ ਪੰਜਾਬ ਰੋਡਵੇਜ਼ ਦੀ ਬੱਸ ਰਵਾਨਾ ਹੋਈ ਲੇਕਿਨ ਡਰਾਈਵਰ ਸ਼ਰਾਬੀ ਹਾਲਤ ਚ ਸੀ ਅਤੇ ਉਸਨੂੰ ਜਦੋਂ ਨਸ਼ਾ ਜਿਆਦਾ ਹੋ ਗਿਆ ਤੇ ਉਹ ਬੱਸ ਚਲਾਣ ਵਿੱਚ ਅਸਮਰਥ ਸੀ ਜਿਸ ਤੋਂ ਬਾਅਦ ਬੱਸ ਡਰਾਈਵਰ ਬੱਸ ਵਿੱਚ ਹੀ ਸੋ ਗਿਆ ਅਤੇ ਬੱਸ ਦੇ ਵਿੱਚੋਂ ਹੀ ਇੱਕ ਸਵਾਰੀ ਵੱਲੋਂ ਬੱਸ ਨੂੰ ਚਲਾ ਕੇ ਚੰਡੀਗੜ੍ਹ ਤੱਕ ਲਿਜਾਇਆ ਗਿਆ ਅਤੇ ਡਰਾਈਵਰ ਬੇਸੁੱਧ ਬੱਸ ਦੇ ਅੰਦਰ ਇੰਜਨ ਦੇ ਉੱਪਰ ਹੀ ਸੋਤਾ ਰਿਹਾ ਜਿਸ ਤੋਂ ਬਾਅਦ ਸਵਾਰੀਆਂ ਵੱਲੋਂ ਹੀ ਇਹ ਵੀਡੀਓ ਬਣਾ ਕੇ ਸੋਸ਼ਲ ਮੀਡੀਆ ਦੇ ਉੱਪਰ ਵਾਇਰਲ ਕੀਤੀ ਗਈ ਫਿਲਹਾਲ ਇਸ ਮਾਮਲੇ ਤੇ ਕਿਸੇ ਵੀ ਅਧਿਕਾਰੀ ਦੀ ਕੋਈ ਪੁਸ਼ਟੀ ਨਹੀਂ ਆਈ ਲੇਕਿਨ ਇਹ ਵੀਡੀਓ ਸੋਸ਼ਲ ਮੀਡੀਆ ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ।

# ਪੰਜਾਬ 'ਚ ਹੜ੍ਹਾਂ ਦਾ ਖ਼ਤਰਾ ! ਮਾਨ ਸਰਕਾਰ ਵੱਲੋਂ ਸਾਰੇ ਜ਼ਿਲ੍ਹਿਆਂ 'ਚ ਕੰਟਰੋਲ ਰੂਮ ਸਥਾਪਤ

ਚੰਡੀਗੜ੍ਹ (ਲੋਕ ਬਾਣੀ)
ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਮਾਨਸੂਨ ਸੀਜ਼ਨ ਦੌਰਾਨ ਸੰਭਾਵੀ ਹੜ੍ਹਾਂ ਦੀ ਸਥਿਤੀ ਨਾਲ ਨਜਿੱਠਣ ਲਈ ਸਾਰੇ 23 ਜ਼ਿਲ੍ਹਿਆਂ ਵਿੱਚ ਕੰਟਰੋਲ ਰੂਮ ਸਥਾਪਤ ਕਰ ਦਿੱਤੇ ਗਏ ਹਨ ਅਤੇ ਜ਼ਿਲ੍ਹਾ ਮਾਲ ਅਧਿਕਾਰੀਆਂ ਨੂੰ ਇਨ੍ਹਾਂ ਕੰਟਰੋਲ ਰੂਮਾਂ ਦਾ ਨੋਡਲ ਅਫ਼ਸਰ ਨਿਯੁਕਤ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆ ਪੰਜਾਬ ਦੇ ਮਾਲ, ਮੁੜ ਵਸੇਬਾ ਅਤੇ ਆਫਤ ਪ੍ਰਬੰਧਨ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਦੱਸਿਆ ਕਿ ਮਾਨਸੂਨ ਸੀਜ਼ਨ ਦੌਰਾਨ ਸੰਭਾਵੀ ਹੜ੍ਹਾਂ ਦੀ ਸਥਿਤੀ ਉੱਤੇ ਕਾਬੂ ਪਾਉਣ ਲਈ ਪੰਜਾਬ ਸਰਕਾਰ ਵੱਲੋਂ ਹਰ ਤਰ੍ਹਾਂ ਦੇ ਪ੍ਰਬੰਧ ਮੁਕੰਮਲ ਕੀਤੇ ਗਏ ਹਨ।



ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਜਾਰੀ ਨਿਰਦੇਸ਼ਾਂ ਤਹਿਤ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਬਰਸਾਤੀ ਨਾਲੇ, ਚੋਅ ਅਤੇ ਡਰੇਨਾਂ ਆਦਿ ਦੀ ਸਫ਼ਾਈ ਲਈ ਪਹਿਲਾਂ ਤੋਂ ਹੀ ਵਿੱਤੀ ਸਹਾਇਤਾ ਜਾਰੀ ਕੀਤੀ ਜਾ ਚੁੱਕੀ ਹੈ ਅਤੇ ਜ਼ਿਲ੍ਹਿਆਂ ਵੱਲੋਂ ਸਫ਼ਾਈ ਕਾਰਜ ਮੁਕੰਮਲ ਕਰ ਲਏ ਗਏ ਹਨ ਪਰ ਫਿਰ ਵੀ ਜੇਕਰ ਕੋਈ ਅਣਸੁਖਾਵੀਂ ਘਟਨਾ ਵਾਪਰਦੀ ਹੈ ਤਾਂ ਲੋਕਾਂ ਤੱਕ ਮਦਦ ਪਹੁੰਚਾਉਣ ਲਈ ਸਥਾਪਤ ਕੀਤੇ ਕੰਟਰੋਲ ਰੂਮਾਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਕਾਬਲੇਗੌਰ ਹੈ ਕਿ ਅੰਮ੍ਰਿਤਸਰ ਕੰਟਰੋਲ ਰੂਮ ਦਾ ਹੈਲਪਲਾਈਨ ਨੰਬਰ 0183-2229125 ਹੈ ਜਦਕਿ ਬਰਨਾਲਾ ਦਾ 01679-233031, ਬਠਿੰਡਾ ਦਾ 0164-2862100,101, ਫਰੀਦਕੋਟ ਦਾ 01639-250338, ਫਤਿਹਗੜ੍ਹ ਸਾਹਿਬ ਦਾ 0176-323838, ਫਾਜ਼ਿਲਕਾ ਦਾ 01638-262153, ਫਿਰੋਜ਼ਪੁਰ ਦਾ 01632-244017, ਗੁਰਦਾਸਪੁਰ ਦਾ 01874-266376, ਹੁਸ਼ਿਆਰਪੁਰ ਦਾ 01882-220412, ਜਲੰਧਰ ਦਾ 0181-2224417, ਕਪੂਰਥਲਾ ਦਾ 01822-231990, 297220,233776 ਅਤੇ ਲੁਧਿਆਣਾ ਦਾ ਹੈਲਪਲਾਈਨ ਨੰਬਰ 0161-2433100 ਜਾਰੀ ਕੀਤਾ ਗਿਆ ਹੈ।

ਇਸੇ ਤਰ੍ਹਾਂ ਮਲੇਰਕੋਟਲਾ ਦਾ 01675-253772, ਮਾਨਸਾ ਦਾ 01652-229082, ਮੋਗਾ ਦਾ 01636-235206, ਸ੍ਰੀ ਮੁਕਤਸਰ ਸਾਹਿਬ ਦਾ 01633-260341, ਪਠਾਨਕੋਟ ਦਾ 0186-2346994, ਪਟਿਆਲਾ ਦਾ 0175-2311321, ਰੂਪਨਗਰ ਦਾ 01881-221157, ਸੰਗਰੂਰ ਦਾ 01672-234196, ਐਸ.ਏ.ਐਸ. ਨਗਰ ਦਾ 0172-2219506 , ਐਸ.ਬੀ.ਐਸ. ਨਗਰ ਦਾ 01823-220645 ਅਤੇ ਤਰਨ ਤਾਰਨ ਕੰਟਰੋਲ ਰੂਮ ਦਾ ਹੈਲਪਲਾਈਨ ਨੰਬਰ 01852-224107 ਹੈ।

ਬ੍ਰਮ ਸ਼ੰਕਰ ਜਿੰਪਾ ਨੇ ਦੱਸਿਆ ਕਿ ਇਹ ਕੰਟਰੋਲ ਰੂਮ 24 ਘੰਟੇ ਕਾਰਜਸ਼ੀਲ ਹਨ ਅਤੇ ਲੋਕ ਕਿਸੇ ਵੀ ਸੰਕਟ ਦੀ ਘੜੀ ਵਿੱਚ ਇਨ੍ਹਾਂ ਹੈਲਪਲਾਈਨ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ। ਪ੍ਰਸ਼ਾਸਨਿਕ ਅਧਿਕਾਰੀਆਂ ਵੱਲੋਂ ਉਨ੍ਹਾਂ ਤੱਕ ਹਰ ਸੰਭਵ ਸਹਾਇਤਾ ਨੂੰ ਸਮੇਂ ਸਿਰ ਪਹੁੰਚਾਉਣਾ ਯਕੀਨੀ ਬਣਾਉਣ ਲਈ ਦਿਸ਼ਾ ਨਿਰਦੇਸ਼ ਜਾਰੀ ਕੀਤੇ ਜਾ ਚੁੱਕੇ ਹਨ।

# ਸ਼ਰਾਬ ਪੀ ਕੇ ਵਾਹਨ ਚਲਾਉਣ ਵਾਲਿਆਂ ਤੇ ਨਕੇਲ ਪਾਉਣ ਲਈ ਪੁਲਿਸ ਵਿਸ਼ੇਸ਼ ਨਾਕੇ ਸਥਾਪਿਤ ਕਰੇਗੀ - ਏ.ਡੀ.ਜੀ.ਪੀ. ਏ.ਐਸ. ਰਾਏ

ਲੁਧਿਆਣਾ,(ਲੋਕ ਬਾਣੀ) - ਵਧੀਕ ਡਾਇਰੈਕਟਰ ਜਨਰਲ ਆਫ ਪੁਲਿਸ (ਏ.ਡੀ.ਜੀ.ਪੀ.) ਟਰੈਫਿਕ ਅਤੇ ਸੜਕ ਸੁਰੱਖਿਆ ਅਮਰਦੀਪ ਸਿੰਘ ਰਾਏ ਵੱਲੋਂ ਐਲਾਨ ਕੀਤਾ ਗਿਆ ਕਿ ਪੰਜਾਬ ਪੁਲਿਸ ਸੜਕੀ ਹਾਦਸਿਆਂ ਦਾ ਮੁੱਖ ਕਾਰਨ ਸ਼ਰਾਬ ਪੀ ਕੇ ਵਾਹਨ ਚਲਾਉਣ ਵਾਲਿਆਂ ਨੂੰ ਨੱਥ ਪਾਉਣ ਲਈ ਰਾਸ਼ਟਰੀ ਅਤੇ ਰਾਜ ਮਾਰਗਾਂ ਤੇ ਵਿਸ਼ੇਸ਼ ਸੁਰੱਖਿਆ ਨਾਕੇ ਸਥਾਪਤ ਕਰੇਗੀ।

ਟ੍ਰੈਫਿਕ ਐਸ.ਪੀਜ਼, ਡੀ.ਐਸ.ਪੀਜ਼ ਅਤੇ ਹੋਰ ਅਧਿਕਾਰੀਆਂ ਨਾਲ ਮੀਟਿੰਗ ਤੋਂ ਬਾਅਦ, ਏ.ਡੀ.ਜੀ.ਪੀ. ਰਾਏ ਨੇ ਦੱਸਿਆ ਕਿ ਪੰਜਾਬ ਪੁਲਿਸ ਨੇ 800 ਨਵੇਂ ਐਲਕੋਮੀਟਰ ਆਰਡਰ ਕੀਤੇ ਹਨ, ਜੋ ਕਿ ਸਾਰੇ ਜ਼ਿਲ੍ਹਿਆਂ ਵਿੱਚ ਵੰਡੇ ਜਾਣਗੇ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸ਼ਰਾਬ ਪੀ ਕੇ ਗੱਡੀ ਚਲਾਉਣਾ ਸੜਕ ਹਾਦਸਿਆਂ ਦਾ ਇੱਕ ਵੱਡਾ ਕਾਰਨ ਹੈ ਅਤੇ ਪੰਜਾਬ ਪੁਲਿਸ ਸ਼ਰਾਬ ਪੀ ਕੇ ਗੱਡੀ ਚਲਾਉਣ ਵਾਲੇ ਵਿਅਕਤੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰੇਗੀ।

ਏ.ਡੀ.ਜੀ.ਪੀ. ਰਾਏ ਨੇ ਇਹ ਵੀ ਖੁਲਾਸਾ ਕੀਤਾ ਕਿ ਡੀ.ਜੀ.ਪੀ. ਗੌਰਵ ਯਾਦਵ ਦੇ ਨਿਰਦੇਸ਼ਾਂ ਤੇ ਪੰਜਾਬ ਪੁਲਿਸ ਵੱਲੋਂ ਤੇਜ਼ ਰ\ਤਾਰ ਅਤੇ ਲਾਪਰਵਾਹੀ ਵਰਤਣ ਵਾਲੇ ਚਾਲਕਾਂ ਨਾਲ ਨਜਿੱਠਣ ਲਈ 27 ਹਾਈਟੈਕ ਇੰਟਰਸੈਪਟਰ ਵਾਹਨ ਵੀ ਖਰੀਦੇ ਜਾ ਰਹੇ ਹਨ। ਉਨ੍ਹਾਂ ਅਵਾਰਾ ਪਸ਼ੂਆਂ ਕਾਰਨ ਹੋਣ ਵਾਲੇ ਸੜਕ ਹਾਦਸਿਆਂ ਦੇ ਮੁੱਦੇ ਨੂੰ ਵੀ ਸੰਬੋਧਿਤ ਕਰਦੇ ਹੋਏ ਦੱਸਿਆ ਕਿ ਇਸ ਸਮੱਸਿਆ ਕਾਰਨ ਹਰ ਸਾਲ ਲਗਭਗ 350 ਮੌਤਾਂ ਹੁੰਦੀਆਂ ਹਨ। ਇਸ ਮੁੱਦੇ ਨੂੰ ਹੱਲ ਕਰਨ ਲਈ ਵੱਖ-ਵੱਖ ਵਿਭਾਗ ਸਰਗਰਮੀ ਨਾਲ ਕੰਮ ਕਰ ਰਹੇ ਹਨ, ਜਿਸ ਵਿੱਚ ਨਗਰ ਨਿਗਮ, ਪਸ਼ੂ ਪਾਲਣ ਅਤੇ ਹੋਰ ਸ਼ਾਮਲ ਹਨ। ਇਸ ਤੋਂ ਇਲਾਵਾ, ਪੰਜਾਬ ਵਿੱਚ ਹਾਲ ਹੀ ਵਿੱਚ ਸ਼ੁਰੂ ਕੀਤੀ ਗਈ ਪ੍ਰਣਾਲੀ ਤਹਿਤ ਜ਼ਿਲ੍ਹਿਆਂ ਨੂੰ 900 ਈ-ਚਲਾਨ ਮਸ਼ੀਨਾਂ ਮੁਹੱਈਆ ਕਰਵਾਈਆਂ ਗਈਆਂ ਹਨ।



ਇਨ੍ਹਾਂ ਉਪਰਾਲਿਆਂ ਸਦਕਾ ਪੰਜਾਬ ਵਿੱਚ ਸੜਕ ਹਾਦਸਿਆਂ ਦੀ ਗਿਣਤੀ ਵਿੱਚ ਹੋਰ ਕਮੀ ਆਉਣ ਦੀ ਉਮੀਦ ਹੈ।

ਏ.ਡੀ.ਜੀ.ਪੀ. ਰਾਏ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦਿਮਾਗੀ ਕਾਢ ਸੜਕ ਸੁਰੱਖਿਆ ਫੋਰਸ (ਐਸ.ਐਸ.ਐਫ.) ਦੀ ਤਾਇਨਾਤੀ ਦੇ ਸਕਾਰਾਤਮਕ ਪ੍ਰਭਾਵ ਤੇ ਚਾਨਣਾ ਪਾਇਆ, ਜਿਸ ਦੇ ਨਤੀਜੇ ਵਜੋਂ ਸੜਕ ਹਾਦਸਿਆਂ ਦੀਆਂ ਮੌਤਾਂ ਵਿੱਚ 15-20 ਫੀਸਦ ਕਮੀ ਆਈ ਹੈ। ਘੱਟ ਉਮਰ ਦੀ ਡਰਾਈਵਿੰਗ ਤੇ, ਜ਼ਿਲ੍ਹਾ ਪੁਲਿਸ ਦਾ ਟ੍ਰੈਫਿਕ ਵਿੰਗ ਪਹਿਲੇ ਪੜਾਅ ਵਿੱਚ ਕਾਨੂੰਨੀ ਵਿਵਸਥਾਵਾਂ ਬਾਰੇ ਵਿਦਿਆਰਥੀਆਂ ਨੂੰ ਜਾਗਰੂਕ ਕਰਨ ਲਈ ਸਕੂਲ ਪ੍ਰਬੰਧਕਾਂ ਨਾਲ ਸਹਿਯੋਗ ਕਰੇਗਾ। ਅਗਲੇ ਪੜਾਅ ਵਿੱਚ ਇਸ ਮੁੱਦੇ ਨੂੰ ਹੱਲ ਕਰਨ ਲਈ ਨਾਬਾਲਗ ਡਰਾਈਵਰਾਂ ਅਤੇ ਉਨ੍ਹਾਂ ਦੇ ਮਾਪਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

# 97 ਉਮਰਾਨੰਗਲ ਮਾਮਲੇ ਚ ਸਰਕਾਰ ਨੂੰ ਨੋਟਿਸ, ਹਾਈਕੋਰਟ ਨੇ ਸਰਕਾਰ ਨੂੰ 8 ਅਗਸਤ ਤੱਕ ਦਿੱਤਾ ਸਮਾਂ



ਚੰਡੀਗੜ੍ਹ: (ਲੋਕ ਬਾਣੀ) ਪੰਜਾਬ ਪੁਲੀਸ ਦੇ ਆਈਜੀ ਪਰਮਰਾਜ ਸਿੰਘ ਉਮਰਾਨੰਗਲ ਨਾਲ ਸਬੰਧਤ ਮਾਮਲੇ ਵਿੱਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਹੈ। ਇਹ ਵੀ ਪੁੱਛਿਆ ਕਿ ਬਹਾਲ ਹੋਣ ਤੋਂ ਬਾਅਦ ਉਨ੍ਹਾਂ ਦੀ ਬਕਾਇਆ ਤਨਖਾਹ ਅਤੇ ਹੋਰ ਲਾਭ ਅਜੇ ਤੱਕ ਜਾਰੀ ਕਿਉਂ ਨਹੀਂ ਕੀਤੇ ਗਏ। ਅਦਾਲਤ ਨੇ ਸਰਕਾਰ ਨੂੰ ਸਪੱਸ਼ਟ ਹੁਕਮ ਦਿੱਤੇ ਹਨ ਕਿ 8 ਅਗਸਤ ਤੱਕ ਸਾਰੇ ਬਕਾਏ ਜਾਰੀ ਕੀਤੇ ਜਾਣ, ਨਹੀਂ ਤਾਂ ਗ੍ਰਹਿ ਸਕੱਤਰ ਨੂੰ ਅਗਲੀ ਸੁਣਵਾਈ ਤੇ ਪੇਸ਼ ਹੋਣਾ ਪਵੇਗਾ। ਇਸ ਮਾਮਲੇ ਦੀ ਸੁਣਵਾਈ ਕੱਲ੍ਹ ਹੋਈ ਸੀ, ਜਦਕਿ ਅੱਜ ਇਸ ਸਬੰਧੀ ਹੁਕਮ ਜਾਰੀ ਕਰ ਦਿੱਤੇ ਗਏ ਹਨ।

# ਖਾਲਸਾ ਵਿੱਦਿਅਕ ਸੰਸਥਾਵਾਂ ਸਰਹਾਲੀ ਵਿੱਚ ਸਰਦਾਰ ਤੇਜਾ ਸਿੰਘ ਸਮੁੰਦਰੀ ਦੀ ਸਾਲਾਨਾ ਬਰਸੀ ਮਨਾਈ




ਅੰਮ੍ਰਿਤਸਰ,16 ਜੁਲਾਈ (ਅਰਵਿੰਦਰ ਵੜੈਚ)- ਗੁਰੂ ਗੋਬਿੰਦ ਸਿੰਘ ਖਾਲਸਾ ਵਿੱਦਿਅਕ ਸੰਸਥਾਵਾਂ ਸਰਹਾਲੀ ਵਿਖੇ ਸਿੱਖ ਪੰਥ ਦੀ ਮਹਾਨ ਸਖਸ਼ੀਅਤ ਸਰਦਾਰ ਤੇਜਾ ਸਿੰਘ ਸਮੁੰਦਰੀ ਜੋ ਸੰਸਥਾਵਾਂ ਦੇ ਬਾਨੀ ਹਨ ਦੀ ਸਾਲਾਨਾ ਬਰਸੀ ਸਬੰਧੀ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸੰਸਥਾਵਾਂ ਦੇ ਗੁਰਦੁਆਰਾ ਸਾਹਿਬ ਵਿੱਚ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਗਏ। ਗੁਰੂ ਗੋਬਿੰਦ ਸਿੰਘ ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਖਾਲਸਾ ਕਾਲਜ ਫਾਰ ਵੂਮੈਨ, ਖਾਲਸਾ ਪਬਲਿਕ ਸਕੂਲ, ਖਾਲਸਾ ਆਈ ਟੀ ਆਈ , ਖਾਲਸਾ ਪ੍ਰਾਇਮਰੀ ਸਕੂਲ ਦੇ ਬੱਚਿਆਂ ਅਤੇ ਸਟਾਫ਼ ਨੇ ਇਸ ਸਮਾਗਮ ਵਿੱਚ ਸ਼ਰਧਾ ਨਾਲ ਹਾਜਰੀ ਭਰੀ।ਵਿਦਿਆਰਥੀਆਂ ਦੇ ਜਥਿਆਂ ਵੱਲੋਂ ਇਸ ਮੌਕੇ ਗੁਰਬਾਣੀ ਕੀਰਤਨ ਕੀਤਾ ਗਿਆ। ਸਰਦਾਰ ਤੇਜਾ ਸਿੰਘ ਸਮੁੰਦਰੀ ਦੇ ਪੋਤਰੇ ਸਾਬਕਾ ਆਈ ਐਫ ਐਸ ਅਧਿਕਾਰੀ ਤਰਨਜੀਤ ਸਿੰਘ ਸਮੁੰਦਰੀ ਜੋ ਇਹਨਾਂ ਸੰਸਥਾਵਾਂ ਦੀ ਪ੍ਰਬੰਧਕ ਕਮੇਟੀ ਦੇ ਟਰੱਸਟੀ ਵੀ ਹਨ ਨੇ ਉਚੇਚੇ ਤੌਰ ਤੇ ਇਸ ਸਮਾਗਮ ਵਿੱਚ ਸ਼ਿਰਕਤ ਕੀਤੀ।ਸਰਦਾਰ ਤੇਜਾ ਸਿੰਘ ਸਮੁੰਦਰੀ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ, ਓਹਨਾਂ ਦੇ ਜੀਵਣ ਪ੍ਰਤੀ ਵਿਦਿਆਰਥੀਆਂ ਨੂੰ ਜਾਣੂ ਕਰਾਉਣ ਉਪਰੰਤ ਤਰਨਜੀਤ ਸਿੰਘ ਸਮੁੰਦਰੀ ਨੇ ਵਿਦਿਆਰਥੀਆਂ ਨੂੰ ਕਿੱਤਾ ਮੁਖੀ ਵਿਦਿਆ ਪ੍ਰਾਪਤ ਕਰਨ ਤੇ ਜੋਰ ਦਿੱਤਾ। ਟਰੱਸਟੀ ਹੋਣ ਨਾਤੇ ਓਹਨਾਂ ਕਿਹਾ ਕਿ ਸੰਸਥਾਵਾਂ ਵਿੱਚ ਵਿਦਿਆਰਥੀਆਂ ਨੂੰ ਸਕਿਲ ਡਿਵੈਲਪਮੈਂਟ ਦੇ ਵੱਧ ਤੋ ਵੱਧ ਮੌਕੇ ਦੇਣਾ ਓਹਨਾਂ ਦੀ ਪ੍ਰਾਥਮਿਕਤਾ ਹੋਵੇਗੀ। ਓਹਨਾਂ ਵੱਖ ਵੱਖ ਦੇਸ਼ਾਂ ਵਿਚ ਆਪਣੇ ਕਾਰਜਕਾਲ ਦੇ ਤਜਰਬੇ ਵੀ ਬੱਚਿਆਂ ਨਾਲ ਸਾਂਝੇ ਕੀਤੇ।ਸੰਸਥਾਵਾਂ ਦੀ ਪ੍ਰਬੰਧਕ ਕਮੇਟੀ ਦੇ ਆਨਰੇਰੀ ਸਕੱਤਰ ਪਰਮਿੰਦਰ ਸਿੰਘ ਸੰਧੂ ਵੱਲੋਂ ਤਰਨਜੀਤ ਸਿੰਘ ਸਮੁੰਦਰੀ ਨੂੰ ਸਿਰੋਪਾਓ ਭੇਂਟ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਹਰਪ੍ਰੀਤ ਕੌਰ, ਪ੍ਰਿੰਸੀਪਲ ਅਮਨਦੀਪ ਕੌਰ, ਪ੍ਰਿੰਸੀਪਲ ਅਰਜਿੰਦਰ ਕੌਰ ਅਤੇ ਸੰਸਥਾਵਾਂ ਦੇ ਸਮੂਹ ਸਟਾਫ ਨੇ ਹਾਜ਼ਰੀ ਭਰੀ।

# ਰਿਟਾ ਪਟਵਾਰੀ ਅਤੇ ਕਾਨੂੰਗੋ ਵੈਲ.ਫੇਅਰ ਐਸੋਸੀਏਸ਼ਨ ਜ਼ਿਲ੍ਹਾ ਬਰਨਾਲਾ ਦੀ ਹੋਈ ਵਿਸ਼ੇਸ਼ ਮੀਟਿੰਗ




ਬਰਨਾਲਾ (ਸੁਖਵਿੰਦਰ ਸਿੰਘ ਭੰਡਾਰੀ) ਦੀ ਰੈਵੀਨਿਊ ਰਿਟਾਇਰਡ ਪਟਵਾਰੀ ਵਾ ਕਾਨੂੰਗੋ ਵੈਲ.ਫੇਅਰ ਐਸੋਸੀਏਸ਼ਨ ਜ਼ਿਲ੍ਹਾ ਬਰਨਾਲਾ ਦੀ ਵਿਸ਼ੇਸ਼ ਮੀਟਿੰਗ ਰਾਜਿੰਦਰ ਸਿੰਘ ਢਿਲੋਂ ਜਿਲਾ ਪ੍ਰਧਾਨ ਦੀ ਪ੍ਰਧਾਨਗੀ ਹੇਠ ਗੁਰੂਦੁਆਰਾ ਸਾਹਿਬ ਸਿੰਘ ਸਭਾ ਬਰਨਾਲਾ ਵਿਖੇ ਹੋਈ, ਜਿਸ ਵਿੱਚ ਸਮੂਹ ਮੈਂਬਰਾਨ ਨੇ ਸ਼ਿਰਕਤ ਕੀਤੀ। ਹਾਊਸ ਦੀ ਕਾਰਵਾਈ ਜ਼ਿਲ੍ਹਾ ਸਕੱਤਰ ਰਾਜ ਕੁਮਾਰ ਸ਼ਰਮਾਂ ਨੇ ਸ਼ੁਰੂ ਕੀਤੀ। ਜਿਸ ਵਿੱਚ ਜ਼ਿਲ੍ਹਾ ਪ੍ਰਧਾਨ ਰਾਜਿੰਦਰ ਸਿੰਘ ਢਿੱਲੋਂ ਨੇ ਮਾਣਯੋਗ ਹਾਈਕੋਰਟ ਵੱਲੋਂ ਪੈਨਸ਼ਨਰਜ਼ ਦੇ ਹੱਕ ਵਿੱਚ ਦਿੱਤੇ ਲੀਵ ਇਨਕੈਸ਼ਮੈਂਟ ਅਤੇ ਰਿਟਾਇਰਮੈਂਟ ਤੋਂ ਇੱਕ ਦਿਨ ਪਹਿਲਾਂ ਰਿਟਾਇਰ ਹੋਏ ਮੁਲਾਜਮਾਂ ਨੂੰ ਇਨਕਰੀਮੈਂਟ ਦੇਣਾ ਅਤੇ ਸਾਥੀਆਂ ਦੇ ਮੈਡੀਕਲ ਬਿਲ ਵਾ ਦ.ਫਤਰੀ ਮਸਲਿਆਂ ਬਾਰੇ ਚਰਚਾ ਕੀਤੀ ਗਈ। ਮੀਟਿੰਗ ਵਿੱਚ ਵੱਖ ਵੱਖ ਬੁਲਾਰਿਆਂ ਵੱਲੋ ਵਿਚਾਰ ਪੇਸ਼ ਕੀਤੇ ਗਏ, ਜਿੰਨਾ ਵਿੱਚ ਕਾਨੂੰਗੋ ਵਿਜੇ ਕੁਮਾਰ ਚੀਮਾਂ, ਦਰਸ਼ਨ ਸਿੰਘ ਸਿੱਧੂ, ਬਚਨ ਸਿੰਘ, ਹਰਜੀਤ ਸਿੰਘ ਸਹਿਣਾ, ਸੱਤਪਾਲ ਬਾਂਸਲ, ਜੋਰਾ ਸਿੰਘ, ਭੁਪਿੰਦਰ ਸਿੰਘ ਅਤੇ ਕੁਲਦੀਪ ਸਿੰਘ ਸ਼ਹਿਣਾ ਨੇ ਵਿਚਾਰ ਰੱਖੇ। ਇੱਕ ਸਾਥੀ ਨੇ ਸਾਲ 2024-25 ਲਈ ਜ਼ਿਲ੍ਹਾ ਬਾਡੀ ਦੀ ਚੋਣ ਦਾ ਪ੍ਰਸਤਾਵ ਰੱਖਿਆ ਜਿਸ ਲਈ ਹਾਊਸ ਨੇ ਸਹਿਮਤ ਹੁੰਦਿਆਂ ਨਵੀਂ ਚੋਣ ਕਰਾਉਣ

ਦਾ ਫ਼ੈਸਲਾ ਲਿਆ ਤੇ ਮਿਤੀ 10 ਅਗਸਤ 2024 ਨੂੰ 11-00 ਵਜੇ ਮੁਕਾਮ ਗੁਰੂਦੁਆਰਾ ਸਾਹਿਬ ਸਿੰਘ ਸਭਾ ਬਰਨਾਲਾ ਵਿਖੇ ਚੋਣ ਕਰਾਉਣ ਲਈ ਮਤਾ ਪਾਸ ਕੀਤਾ ਗਿਆ।

ਖ਼ਜ਼ਾਨਚੀ ਦਰਸ਼ਨ ਸਿੰਘ ਗਿੱਲ ਰਾਏਸਰ ਨੇ ਸਾਰੇ ਫੰਡ ਦਾ ਲੇਖਾ ਜੋਖਾ ਪੇਸ਼ ਕੀਤਾ। ਉਨ੍ਹਾਂ ਕਿਹਾ ਕਿ ਜਿੰਨ੍ਹਾਂ ਮੈਂਬਰਾਨ ਦਾ ਫੰਡ ਜਮ੍ਹਾਂ ਨਹੀਂ ਹੋਇਆ ਉਹ ਆਪਣਾ ਬਕਾਇਆ ਫੰਡ ਚੋਣ ਤੋਂ ਪਹਿਲਾਂ ਜਮ੍ਹਾਂ ਕਰਵਾਉਣ। ਉਨਾ ਇਹ ਵੀ ਦੱਸਿਆ ਕਿ ਜਿਸ ਮੈਂਬਰ ਦਾ ਫੰਡ ਕਲੀਅਰ ਨਹੀਂ ਹੋਵੇਗਾ ਉਹ ਚੋਣ ਪ੍ਰਕਿਰਿਆ ਵਿੱਚ ਭਾਗ ਲੈਣ ਦਾ ਹੱਕਦਾਰ ਨਹੀਂ ਹੋਵੇਗਾ। ਮੀਟਿੰਗ ਵਿੱਚ ਸਾਥੀਆਂ ਨੇ ਬਹੁਗਿਣਤੀ ਵਿੱਚ ਹਾਜ਼ਰੀ ਲਗਵਾਈ। ਇਸ ਮੌਕੇ ਗੁਲਜਾਰ ਸ਼ਾਹ, ਤੇਜ ਕੁਮਾਰ, ਪਵਨ ਸੰਘੇੜਾ, ਨਿਰਮਲ ਸਿੰਘ ਗੁਰੂ, ਦਰਸ਼ਨ ਸਿੰਘ ਭਦੌੜ, ਰਣਜੀਤ ਸਿੰਘ, ਦਰਸ਼ਨ ਸੰਘੇੜਾ, ਸੁਖਦਰਸ਼ਨ ਸਿੰਘ ਤਾਜੋਕੇ, ਗੁਲਵੰਤ ਸਿੰਘ, ਬਲਦੇਵ ਸਿੰਘ, ਅਜੈਬ ਸਿੰਘ, ਮਹਿੰਦਰ ਸਿੰਘ ਭੱਠਲ, ਖੇਮ ਸਿੰਘ, ਰਾਜ ਸਿੰਘ ਖੁੱਡੀ, ਸਤੀਸ਼ ਕੁਮਾਰ, ਸਤਦੇਵ ਸ਼ਰਮਾ, ਬਲਦੇਵ ਸਿੰਘ ਦੀਵਾਨਾ, ਜਗਰਾਜ ਸਿੰਘ, ਤਾਰਾ ਸਿੰਘ ਆਦਿਕ ਹਾਜ਼ਰ ਸਨ । ਕਾਨੂੰਗੋ ਰਾਜੇਸ਼ ਭੁਟਾਨੀ ਘਰੇਲੂ ਮਜਬੂਰੀ ਕਰਕੇ ਮੀਟਿੰਗ ਵਿੱਚੋਂ ਨਦਾਰਦ ਰਹੇ ਪਰ ਫਿਰ ਵੀ ਉਨ੍ਹਾਂ ਮੋਬਾਈਲ ਤੇ ਸੰਪਰਕ ਰੱਖਿਆ ਅਤੇ ਹਾਉਸ ਦੀ ਸਾਰੀ ਕਾਰਵਾਈ ਨਾਲ ਆਪਣੀ ਸਹਿਮਤੀ ਪ੍ਰਗਟਾਈ ਤੇ ਸਾਰੇ ਸਾਥੀਆਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਬਰਸਾਤ ਦੇ ਸੀਜਨ ਵਿੱਚ ਹਰੇਕ ਮੈਂਬਰ ਵਾਤਾਵਰਣ ਨੂੰ ਦਰੁਸਤ ਕਰਨ ਲਈ ਆਪਣਾ ਯੋਗਦਾਨ ਪਾਉਂਦੇ ਹੋਏ ਘੱਟ ਘੱਟ ਦੋ ਰੁੱਖ ਜ਼ਰੂਰ ਲਗਾਓਣ ਅਤੇ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਸਹਿਯੋਗ ਦੀ ਮੰਗ ਕੀਤੀ।

# ਐਲ ਬੀ ਐਸ ਕਾਲਜ ਦਾ ਬੀ ਬੀ ਏ ਭਾਗ ਦੂਸਰਾ ਸਮੈਸਟਰ ਤੀਜਾ ਦਾ ਨਤੀਜਾ ਰਿਹਾ ਸ਼ਾਨਦਾਰ




ਬਰਨਾਲਾ (ਸੁਖਵਿੰਦਰ ਸਿੰਘ ਭੰਡਾਰੀ) ਸ਼੍ਰੀ ਲਾਲ ਬਹਾਦਰ ਸ਼ਾਸਤਰੀ ਆਰੀਆ ਮਹਿਲਾ ਕਾਲਜ ਬਰਨਾਲਾ ਦਾ ਬੀ ਬੀ ਏ ਭਾਗ ਦੂਜਾ ਸਮੈਸਟਰ ਤੀਜਾ ਦਾ ਨਤੀਜਾ ਸ਼ਾਨਦਾਰ ਰਿਹਾ। ਕਾਲਜ ਪ੍ਰਿੰਸੀਪਲ ਡਾਕਟਰ ਨੀਲਮ ਸ਼ਰਮਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਾਲਜ ਦੀ ਹੋਣਹਾਰ ਵਿਦਿਆਰਥਣ ਸਿਮਰਨ ਕੌਰ ਨੇ 88.4%ਅੰਕ ਲੈ ਕੇ ਪਹਿਲਾ ਅਤੇ ਜੈਸਮੀਨ ਕੌਰ ਨੇ 86% ਅੰਕ ਲੈ ਕੇ ਦੂਸਰਾ ਸਥਾਨ ਪ੍ਰਾਪਤ ਕੀਤਾ ਵਿਦਿਆਰਥਣਾਂ ਦੀ ਇਸ ਪ੍ਰਾਪਤੀ ਤੇ ਪ੍ਰਿੰਸੀਪਲ ਡਾਕਟਰ ਨੀਲਮ ਸ਼ਰਮਾ ਜੀ ਨੇ ਵਿਦਿਆਰਥਣਾਂ ਅਤੇ ਸਟਾਫ਼ ਨੂੰ ਮੁਬਾਰਕਬਾਦ ਦਿੱਤੀ ਅਤੇ ਭਵਿੱਖ ਲਈ ਸ਼ੁਭ ਕਾਮਨਾਵਾਂ ਦਿੱਤੀਆਂ।

# ਮਾਲ ਵਿਭਾਗ ਵਿੱਚ ਪਏ ਪੈਡਿੰਗ ਕੰਮਾਂ ਨੂੰ ਹਰ ਹਾਲਤ ਵਿੱਚ ਮੁਕੰਮਲ ਕੀਤਾ ਜਾਵੇ: ਵਧੀਕ ਡਿਪਟੀ ਕਮਿਸ਼ਨਰ (ਜ)




ਸਹੀਦ ਭਗਤ ਸਿੰਘ ਨਗਰ (ਰਮੇਸ ਸਰਮਾ/ਮਨਪ੍ਰੀਤ ਵਾਸੂ) ਮਾਲ ਵਿਭਾਗ ਨਾਲ ਸਬੰਧਤ ਕੰਮਾਂ ਦੇ ਨਿਪਟਾਰੇ ਸਬੰਧੀ ਸ੍ਰੀ ਰਾਜੀਵ ਵਰਮਾ, ਪੀ.ਸੀ.ਐਸ., ਵਧੀਕ ਡਿਪਟੀ ਕਮਿਸ਼ਨਰ (ਜ), ਸ਼ਹੀਦ ਭਗਤ ਸਿੰਘ ਨਗਰ ਨੇ ਆਪਣੇ ਦਫਤਰ ਵਿੱਚ ਇੱਕ ਮੀਟਿੰਗ ਕੀਤੀ। ਇਸ ਮੀਟਿੰਗ ਵਿੱਚ ਜ਼ਿਲਾ ਮਾਲ ਅਫਸਰ, ਸ.ਭ.ਸ.ਨਗਰ, ਤਹਿਸੀਲਦਾਰ ਨਵਾਂਸ਼ਹਿਰ/ਬਲਾਚੌਰ/ਬੰਗਾ, ਨਾਇਬ ਤਹਿਸੀਲਦਾਰ ਨਵਾਂਸ਼ਹਿਰ/ਬਲਾਚੌਰ, ਬੰਗਾ, ਔੜ, ਜ਼ਿਲਾ ਸਿਸਟਮ ਮੈਨੇਜਰ ਅਤੇ ਸਮੂਹ ਫੀਲਡ ਕਾਨੂੰਗੋਜ਼ ਹਾਜਰ ਸਨ।ਮੀਟਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ, ਪੀ.ਸੀ.ਐਸ. ਵਲੋਂ ਸਰਫੇਸੀ ਐਕਟ ਨਾਲ ਸਬੰਧਤ ਪੈਡਿੰਗ ਕੇਸਾਂ ਦਾ ਰਿਵਿਊ ਕੀਤਾ ਗਿਆ। ਸਰਫੇਸੀ ਐਕਟ ਦੇ ਕੁੱਲ 41 ਕੇਸ ਪੈਡਿੰਗ ਹਨ, ਜਿਹਨਾਂ ਬਾਰੇ ਸਾਰੇ ਸਬੰਧਤ ਅਧਿਕਾਰੀਆਂ/ ਕਰਮਚਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਜੁਲਾਈ 2024 ਦੇ ਅੰਤ ਤੱਕ ਹਰ ਹਾਲਤ ਵਿੱਚ ਸਬੰਧਤ ਬੈਂਕਾਂ ਨਾਲ ਤਾਲਮੇਲ ਕਰਦੇ ਹੋਏ ਬੈਂਕਾਂ ਨੂੰ ਕਬਜ਼ਾ ਦਿਵਾਇਆ ਜਾਵੇ। ਮੀਟਿੰਗ ਵਿੱਚ ਉਕਤ ਤੋਂ ਇਲਾਵਾ ਪੈਡਿੰਗ ਜਮਾਂਬੰਦੀਆਂ, ਪੈਡਿੰਗ ਇੰਤਕਾਲ, ਪੈਡਿੰਗ ਸ਼ਾਨਦੇਹੀਆਂ, ਮੇਰਾ ਘਰ ਮੇਰੇ ਨਾਮ / ਸਵਾਮਿਤਵਾ ਸਕੀਮ ਸੀ.ਏ. ਜੀ.ਦੇ ਪੈਰਿਆਂ ਸਬੰਧੀ, ਤਤੀਮਾ ਸਜਰਾ ਅਤੇ ਟੈਕਸਟ ਐਂਟਰੀਆਂ ਸਬੰਧੀ ਵਿਸਥਾਰ ਪੂਰਬਕ ਵਿਚਾਰ-ਵਟਾਂਦਰਾ ਕੀਤਾ ਗਿਆ। ਮਾਲ ਵਿਭਾਗ ਦੇ ਬਕਾਇਆ ਪਏ ਕੰਮਾਂ ਨੂੰ ਨਿਪਟਾਉਣ ਵਿੱਚ ਰਮਚਾਰੀਆਂ / ਅਧਿਕਾਰੀਆਂ ਨੂੰ ਆਉਦੀਆਂ ਸਮੱਸਿਆ ਬਾਰੇ ਵੀ ਵਿਚਾਰ ਕੀਤਾ ਗਿਆ।ਵਧੀਕ ਡਿਪਟੀ ਕਮਿਸ਼ਨਰ ਨੇ ਸਾਰੇ ਕਰਮਚਾਰੀਆਂ / ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਆਪਣੇ-ਆਪਣੇ ਨਾਲ ਸਬੰਧਤ ਪੈਡਿੰਗ ਕੰਮ 31 ਜੁਲਾਈ 2024 ਤੱਕ ਹਰ ਹਾਲਤ ਵਿੱਚ ਮੁਕੰਮਲ ਕਰਨਗੇ ਤਾਂ ਜੋ ਕਿ ਆਮ ਜਨਤਾ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਮੁਸ਼ਕਿਲ ਪੇਸ਼ ਨਾ ਆਵੇ।

# ਅੱਜ ਡੇਰਾ ਬਾਬਾ ਨਾਨਕ ਬਲਾਕ ਦੇ ਪਿੰਡ ਪੰਨਵਾਂ ਵਿਖੇ ਲੱਗੇਗਾ ਵਿਸ਼ੇਸ਼ ਕੈਂਪ

## ਪਿੰਡ ਪੰਨਵਾਂ, ਮਨਸੂਰ ਕਲਾਂ, ਮਨਸੂਰ ਅਬਾਦੀ, ਗੁਰਚੱਕ ਅਤੇ ਡਾਲਾ ਦੇ ਵਸਨੀਕ ਇਸ ਕੈਂਪ ਵਿੱਚ ਭਾਗ ਲੈਣਗੇ

ਗੁਰਦਾਸਪੁਰ-ਨਵਨੀਤ ਕੁਮਾਰ –
ਪੰਜਾਬ ਸਰਕਾਰ ਵੱਲੋਂ ਅਧਿਕਾਰੀਆਂ ਨੂੰ ਲੋਕਾਂ ਵਿੱਚ ਜਾ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣਨ ਅਤੇ ਹੱਲ ਕਰਨ ਦੀਆਂ ਦਿੱਤੀਆਂ ਹਦਾਇਤਾਂ ਤਹਿਤ ਡਿਪਟੀ ਕਮਿਸ਼ਨਰ ਗੁਰਦਾਸਪੁਰ ਸ੍ਰੀ ਵਿਸ਼ੇਸ਼ ਸਾਰੰਗਲ ਦੀ ਅਗਵਾਈ ਹੇਠ 17 ਜੁਲਾਈ ਨੂੰ ਦੁਪਹਿਰ 12:00 ਵਜੇ ਤੋਂ ਬਾਅਦ ਦੁਪਹਿਰ 3:00 ਵਜੇ ਤੱਕ ਤਹਿਸੀਲ ਡੇਰਾ ਬਾਬਾ ਨਾਨਕ ਦੇ ਪਿੰਡ ਪੰਨਵਾਂ ਵਿਖੇ ਵਿਸ਼ੇਸ਼ ਕੈਂਪ ਲਗਾਇਆ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਧੀਕ ਡਿਪਟੀ ਕਮਿਸ਼ਨਰ (ਜ) ਸ੍ਰੀ ਸੁਭਾਸ਼ ਚੰਦਰ ਨੇ ਦੱਸਿਆ ਕਿ 17 ਜੁਲਾਈ ਨੂੰ ਪਿੰਡ ਪੰਨਵਾਂ ਵਿਖੇ ਲੱਗਣ ਵਾਲੇ ਇਸ ਕੈਂਪ ਵਿੱਚ ਪਿੰਡ ਪੰਨਵਾਂ ਤੋਂ ਇਲਾਵਾ ਪਿੰਡ ਮਨਸੂਰ ਕਲਾਂ, ਮਨਸੂਰ ਅਬਾਦੀ, ਗੁਰਚੱਕ ਅਤੇ ਡਾਲਾ ਦੇ ਵਸਨੀਕ ਵੀ ਭਾਗ ਲੈਣਗੇ। ਉਨ੍ਹਾਂ ਕਿਹਾ ਕਿ ਇਸ ਕੈਂਪ ਵਿੱਚ ਡਿਪਟੀ ਕਮਿਸ਼ਨਰ ਸ੍ਰੀ ਵਿਸ਼ੇਸ਼ ਸਾਰੰਗਲ ਵਿਸ਼ੇਸ਼ ਤੌਰ ਤੇ ਪਹੁੰਚ ਕੇ ਲੋਕਾਂ ਦੀਆਂ ਮੁਸ਼ਕਲਾਂ ਸੁਣਨਗੇ। ਵਧੀਕ ਡਿਪਟੀ ਕਮਿਸ਼ਨਰ ਸ੍ਰੀ ਸੁਭਾਸ਼ ਚੰਦਰ ਨੇ ਦੱਸਿਆ ਕਿ ਕੈਂਪ ਦੌਰਾਨ ਵੱਖ-ਵੱਖ ਵਿਭਾਗਾਂ ਵੱਲੋਂ ਵਿਸ਼ੇਸ਼ ਸਟਾਲ ਲਗਾ ਕੇ ਪੰਜਾਬ ਸਰਕਾਰ ਦੀਆਂ ਭਲਾਈ ਯੋਜਨਾਵਾਂ ਦਾ ਲਾਭ ਦਿੱਤਾ ਜਾਵੇਗਾ। ਇਸਦੇ ਨਾਲ ਹੀ ਜਾਤੀ ਸਰਟੀਫਿਕੇਟ, ਰਿਹਾਇਸ਼ ਸਰਟੀਫਿਕੇਟ, ਰੂਰਲ ਏਰੀਆ ਅਤੇ ਬਾਰਡਰ ਏਰੀਆ ਸਰਟੀਫਿਕੇਟ, ਪੈਨਸ਼ਨ ਨਾਲ ਸਬੰਧਿਤ ਸੁਵਿਧਾਵਾਂ, ਸਿਹਤ ਵਿਭਾਗ ਨਾਲ ਸਬੰਧਿਤ ਸੁਵਿਧਾਵਾਂ, ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨਾਲ ਸਬੰਧਿਤ ਕੰਮ, ਮਨਰੇਗਾ ਨਾਲ ਸਬੰਧਿਤ ਕੰਮ, ਵਾਟਰ ਸਪਲਾਈ ਅਤੇ ਜਲ ਸਪਲਾਈ ਵਿਭਾਗ ਨਾਲ ਸਬੰਧਿਤ ਕੰਮ, ਅਧਾਰ ਕਾਰਡ ਸੁਵਿਧਾ ਦਾ ਮੌਕੇ ਤੇ ਲਾਭ ਦਿੱਤਾ ਜਾਵੇਗਾ। ਉਨ੍ਹਾਂ ਪਿੰਡ ਪੰਨਵਾਂ, ਮਨਸੂਰ ਕਲਾਂ, ਮਨਸੂਰ ਅਬਾਦੀ, ਗੁਰਚੱਕ ਅਤੇ ਡਾਲਾ ਦੇ ਵਸਨੀਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਕੈਂਪ ਦਾ ਵੱਧ ਤੋਂ ਵੱਧ ਲਾਭ ਉਠਾਉਣ।

# ਸਬਜੀਆਂ ਖਰੀਦਣਾ ਆਮ ਲੋਕਾਂ ਦੀ ਪਹੁੰਚ ਤੋਂ ਹੋਇਆਂ ਦੂਰ, ਅਸਮਾਨੀ ਚੜੇ ਭਾਅ

## ਲੋਕਾਂ ਹਰੀਆ ਸਬਜੀਆਂ ਖਾਣ ਤੋਂ ਪਾਸਾ ਵੱਟਿਆ

ਫਗਵਾੜਾ (ਜੀਵਨ ਸੰਘਾ) ਪੰਜਾਬ ਵਿੱਚ ਵਧੇਰੇ ਗਰਮੀ ਪੈਣ ਅਤੇ ਹਿਮਾਚਲ ਵਿੱਚ ਬਾਰਿਸ ਪੈਣ ਕਾਰਨ ਸਬਜੀਆਂ ਦੀ ਆਮਦ ਘੱਟਣ ਕਾਰਨ ਸਬਜੀਆਂ ਦੇ ਰੇਟ ਅਸਮਾਨ ਛੂਹ ਰਹੇ ਹਨ ਹਰੀ ਸਬਜੀਆਂ ਖਰੀਦਣਾ ਤਾਂ ਹੁਣ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਹੋ ਗਈਆਂ ਹਨ ਅੱਜ ਫਗਵਾੜਾ ਦੇ ਕੁਝ ਸੰਬਜੀ ਵਿਕਰੇਤਾਵਾਂ ਅਤੇ ਗਾਹਕਾਂ ਨਾਲ ਖਾਸ ਗੱਲਬਾਤ ਕੀਤੀ ਗਈ ਇਸ ਮੌਕੇ ਤੇ ਗੱਲਬਾਤ ਕਰਕੇ ਹੋਏ ਸਬਜੀ ਵਿਕਰੇਤਾ ਫਖ਼ੂਰਦੀਨ ਨੇ ਦੱਸਿਆ ਕਿ ਅੱਜ ਤੋਂ ਪਹਿਲਾਂ 80 ਰੁਪਏ ਕਿਲੋ ਵਾਲਾ ਹਰਾ ਸੁੱਕਾ ਮਟਰ 140 ਰੁਪਏ , 40 ਰੁਪਏ ਪੈਕਟ ਵਾਲਾ ਮੱਟਰ 100 ਰੁਪਏ , 20 ਰੁਪਏ ਕਿਲੋ ਵਾਲਾ ਟਮਾਟਰ 80 ਰੁਪਏ, 20 ਰੁਪਏ ਕਿਲੋ ਵਾਲਾ ਆਲੂ 30 ਰੁਪਏ ਕਿਲੋ , 30 ਰੁਪਏ ਕਿਲੋ ਵਾਲੀ ਹਰੀ ਮਿਰਚ 40 ਰੁਪਏ ਕਿਲੋ,150 ਰੁਪਏ ਕਿਲੋ ਵਾਲਾ ਅਦਰਕ 200 ਕਿਲੋ , 30 ਰੁਪਏ ਕਿਲੋ ਵਾਲਾ ਪਿਆਜ 50 ਰੁਪਏ ਕਿਲੋ, 30 ਰੁਪਏ ਕਿਲੋ ਵਾਲਾ 60 ਰੁਪਏ, 20 ਰੁਪਏ ਕਿਲੋ ਵਾਲਾ ਘੀਆ 50 ਰੁਪਏ , 60 ਰੁਪਏ ਕਿਲੋ ਵਾਲੀ ਸ਼ਿਮਲਾ ਮਿਰਚ 70 ਰੁਪਏ, 15 ਰੁਪਏ ਕਿਲੋ ਵਾਲਾ ਕੱਦੂ 30 ਰੁਪਏ , 100 ਰੁਪਏ ਕਿਲੋ ਵਾਲਾ ਧਨੀਆ 200 ਰੁਪਏ , 40 ਰੁਪਏ ਕਿਲੋ ਵਾਲੀ ਭਿੰਡੀ 50 ਰੁਪਏ , 50 ਰੁਪਏ ਵਾਲਾ ਰਿਲਾਇਸ ਖੀਰਾ 60 ਰੁਪਏ , 110 ਰੁਪਏ ਕਿਲੋ ਵਾਲਾ ਲੱਸਣ 250 ਰੁਪਏ,



30 ਰੁਪਏ ਕਿਲੋ ਵਾਲਾ ਕਰੇਲਾ 50 ਰੁਪਏ , 40 ਰੁਪਏ ਕਿਲੋ ਵਾਲੀ ਗਾਜਰ 50 ਰੁਪਏ , 40 ਰੁਪਏ ਕਿਲੋ ਵਾਲੀ ਫੂਲਗੋਬੀ 80 ਰੁਪਏ , 40 ਰੁਪਏ ਕਿਲੋ ਵਾਲੀ ਮੂਲੀ 90 ਰੁਪਏ,20 ਰੁਪਏ ਕਿਲੋ ਵਾਲੀ ਪੱਤਾਗੋਬੀ 30 ਰੁਪਏ , 40 ਰੁਪਏ ਕਿਲੋ ਵਾਲਾ ਟਿੰਡਾ 60 ਰੁਪਏ , 80 ਰੁਪਏ ਕਿਲੋ ਵਾਲੀਆ ਫਲੀਆਂ 100 ਰੁਪਏ ,30 ਰੁਪਏ ਕਿਲੋ ਵਾਲੀ ਰਾਮਾਤੋਰੀ 60 ਰੁਪਏ ਚ ਵਿੱਕ ਰਹੀਆ ਹੈ ਸਬਜ਼ੀ ਵਿਕਰੇਤਾ ਫਖ਼ੂਰਦੀਨ ਨੇ ਦੱਸਿਆ ਕਿ ਪਹਿਲਾ ਸਬਜੀ ਸਸਤੀ ਹੋਣ ਕਾਰਣ ਲੋਕ ਸਬਜੀ ਵਾਧੂ ਖ਼ਰੀਦਦੇ ਸਨ ਪਰ ਹੁਣ ਸਬਜ਼ੀ ਮਹਿਗੀ ਹੋਣ ਕਾਰਣ ਗ੍ਰਾਹਕੀ ਨੂੰ ਕਾਫੀ ਫ਼ਰਕ ਪਿਆ ਹੈ ਖਰੀਦਦਾਰੀ ਕਰਨ ਆਏ ਲੋਕਾਂ ਨੇ ਭਾਰੀ ਬੋਜ ਪੈਨ ਕਾਰਨ ਲੋਕ ਹਰੀ ਸਬਜੀਆਂ ਖਾਣ ਤੋਂ ਪਾਸਾ ਵੱਟ ਰਹੇ ਹਨ

# ਕਾਨਪੁਰ ਵਿੱਚ ਗੁਜੈਨੀ ਦੀਆਂ ਸਮੱਸਿਆਵਾਂ ਨੂੰ ਲੈ ਕੇ ਸੰਸਦ ਮੈਂਬਰ ਅਤੇ ਵਿਧਾਇਕ ਨੂੰ ਦਿੱਤਾ ਮੰਗ ਪੱਤਰ

ਕਾਨਪੁਰ (ਸੁਨੀਲ ਬਾਜਪਾਈ) ਇੱਥੇ ਭਾਜਪਾ ਆਗੂ ਅਤੇ ਸਮਾਜ ਸੇਵੀ ਸੰਸਥਾ ਜਨ ਜਾਗ੍ਰਿਤੀ ਮੰਚ ਦੇ ਪ੍ਰਧਾਨ ਵਿਨੋਦ ਮਿਸ਼ਰਾ ਨੇ ਗੁਜੈਨੀ ਦੀਆਂ ਨਾਗਰਿਕ ਸਮੱਸਿਆਵਾਂ ਨੂੰ ਲੈ ਕੇ ਸੰਸਦ ਮੈਂਬਰ ਰਮੇਸ਼ ਅਵਸਥੀ ਅਤੇ ਵਿਧਾਇਕ ਸੁਰਿੰਦਰ ਮੈਥਾਨੀ ਨੂੰ ਮੰਗ ਪੱਤਰ ਦਿੱਤਾ।




ਮੰਗ ਪੱਤਰ ਵਿੱਚ ਸੰਸਦ ਮੈਂਬਰ ਰਮੇਸ਼ ਅਵਸਥੀ ਅਤੇ ਵਿਧਾਇਕ ਮੈਥਾਨੀ ਜੀ ਨੂੰ ਦੱਸਿਆ ਗਿਆ ਹੈ ਕਿ ਗੁਜੈਨੀ ਦਾ ਕਰੀਬ ਡੇਢ ਕਿਲੋਮੀਟਰ ਲੰਬਾ, 8 ਮੀਟਰ ਡੂੰਘਾ ਅਤੇ ਚਾਰ ਮੀਟਰ ਚੌੜਾ ਵੱਡਾ ਡਰੇਨ ਖੁੱਲ੍ਹਾ ਹੈ ਅਤੇ ਡਰੇਨ ਦੇ ਦੋਵੇਂ ਪਾਸੇ ਸੰਘਣੀ ਬਸਤੀ ਹੈ ਅਤੇ ਹਰ ਦਿਨ-ਦਿਹਾੜੇ ਗਾਵਾਂ ਇਸ ਵਿੱਚ ਡਿੱਗ ਕੇ ਬੇਵਕਤੀ ਮੌਤ ਦਾ ਸ਼ਿਕਾਰ ਹੋ ਜਾਂਦੀਆਂ ਹਨ, ਜੇਕਰ ਇਸ ਤੇ ਸਲੈਬ ਲਗਾ ਕੇ ਇਸ ਨਾਲੇ ਨੂੰ ਢੱਕ ਦਿੱਤਾ ਜਾਵੇ ਤਾਂ ਇਲਾਕੇ ਨੂੰ ਕਾਫੀ ਰਾਹਤ ਮਿਲ ਸਕਦੀ ਹੈ।

ਮੰਗ ਪੱਤਰ ਵਿੱਚ ਡਬੋਲੀ ਗੁਜੈਨੀ ਸਬਜ਼ੀ ਮੰਡੀ ਰੋਡ ਨੂੰ ਜੋੜਨ ਵਾਲੀ ਨਹਿਰ ਦੇ ਪੁਲ ਨੂੰ ਚੌੜਾ ਕਰਨ ਅਤੇ ਨਹਿਰ ਦੇ ਦੋਵੇਂ ਪਾਸੇ ਰੇਲਿੰਗ ਬਣਾਉਣ ਦੀ ਮੰਗ ਵੀ ਕੀਤੀ ਗਈ ਹੈ।

ਭਾਜਪਾ ਆਗੂ ਵਿਨੋਦ ਮਿਸ਼ਰਾ ਨੇ ਸੰਸਦ ਤੇ ਵਿਧਾਇਕ ਨੂੰ ਦੱਸਿਆ ਕਿ ਗੁਜੈਨੀ ਮਾਡਲ ਰੋਡ ਦੀ ਮੁਰੰਮਤ ਕਰੀਬ ਡੇਢ ਮਹੀਨਾ ਪਹਿਲਾਂ ਨਗਰ ਨਿਗਮ ਵੱਲੋਂ 1 ਕਰੋੜ 10 ਲੱਖ ਰੁਪਏ ਦੀ ਲਾਗਤ ਨਾਲ ਕੀਤੀ ਗਈ ਸੀ ਪਰ ਠੇਕੇਦਾਰਾਂ ਨੇ ਕੰਮ ਅਧੂਰਾ ਛੱਡ ਕੇ ਕੰਮ ਮੁਕੰਮਲ ਕਰ ਲਿਆ ਹੈ। ਸੜਕ ਨੂੰ ਕੀਤਾ ਜਾਣਾ ਚਾਹੀਦਾ ਹੈ.

ਮੰਗ ਪੱਤਰ ਵਿੱਚ ਸਾਬਕਾ ਜ਼ਿਲ੍ਹਾ ਪ੍ਰਧਾਨ ਭਾਜਪਾ ਲੇਬਰ ਸੈੱਲ ਕਾਨਪੁਰ ਦੱਖਣੀ ਦੇ ਪ੍ਰਧਾਨ ਜਨ ਜਾਗ੍ਰਿਤੀ ਮੰਚ ਕਾ

ਭਾਜਪਾ ਆਗੂ ਵਿਨੋਦ ਮਿਸ਼ਰਾ ਨੇ ਸੰਸਦ ਮੈਂਬਰ ਅਤੇ ਵਿਧਾਇਕ ਨੂੰ ਦੱਸਿਆ ਕਿ ਜੇਕਰ ਗੁਜੈਨੀ ਦੇ ਸਰਕਾਰੀ ਹਸਪਤਾਲ ਵਿੱਚ ਸੁਵਿਧਾਵਾਂ ਵਧਾ ਕੇ ਔਰਤਾਂ ਲਈ ਡਲਿਵਰੀ ਅਤੇ ਐਮਰਜੈਂਸੀ ਸੁਵਿਧਾਵਾਂ ਉਪਲਬਧ ਕਰਵਾਈਆਂ ਜਾਣ ਤਾਂ ਪੂਰੀ ਗੁਜੈਨੀ ਡਬੌਲੀ ਰਤਨ ਲਾਲ ਨਗਰ ਬੜਾ ਤਾਤਿਆ ਟੋਪੇ ਨਗਰ ਰਵਿਦਾਸ ਪੁਰਮ ਅੰਬੇਡਕਰ ਨਗਰ ਸੰਜੇ ਨਗਰ ਮਹਾਦੇਵ ਕਈ ਸ਼ਹਿਰ ਦੇ ਲੱਖਾਂ ਨਾਗਰਿਕਾਂ ਨੂੰ ਲਾਭ ਮਿਲ ਸਕਦਾ ਹੈ, ਜਿਸ ਤੇ ਸੰਸਾ ਰਮੇਸ਼ ਅਵਸਥੀ ਅਤੇ ਵਿਧਾਇਕ ਸੁਰਿੰਦਰ ਮੈਥਾਨੀ ਨੇ ਵੀ ਬਣਦੀ ਕਾਰਵਾਈ ਦਾ ਭਰੋਸਾ ਦਿੱਤਾ।

# ਇਕ ਵਿਅਕਤੀ ਦੇ ਨਸ਼ੇੜੀ ਹੋਣ ਨਾਲ ਪੂਰਾ ਪਰਿਵਾਰ ਹੁੰਦਾ ਹੈ ਪ੍ਰਭਾਵਿਤ - ਐਸ.ਐਚ.ਓ. ਰਾਵਲਪਿੰਡੀ




ਫਗਵਾੜਾ (ਜੀਵਨ ਸੰਘਾ) ਪਿੰਡ ਸਾਹਨੀ ਵਿਖੇ ਅੱਜ ਲਗਾਏ ਗਏ ਸਰਕਾਰ ਤੁਹਾਡੇ ਦੁਆਰ ਕੈਂਪ ਦੌਰਾਨ ਥਾਣਾ ਰਾਵਲਪਿੰਡੀ ਪੁਲਿਸ ਵਲੋਂ ਨਸ਼ਿਆਂ ਖਿਲਾਫ ਜਾਗਰੁਕਤਾ ਮੁਹਿਮ ਤਹਿਤ ਐਸ.ਐਚ.ਓ. ਮਨਜੀਤ ਸਿੰਘ ਦੀ ਅਗਵਾਈ ਹੇਠ ਕਰੀਬ 25 ਪਿੰਡਾਂ ਦੀਆਂ ਪੰਚਾਇਤਾਂ ਅਤੇ ਆਮ ਨਾਗਰਿਕਾਂ ਨੂੰ ਜਾਗਰੁਕ ਕੀਤਾ ਗਿਆ। ਐਸ.ਐਚ.ਓ. ਮਨਜੀਤ ਸਿੰਘ ਨੇ ਹਾਜਰੀਨ ਨੂੰ ਨਸ਼ਿਆਂ ਦੇ ਸਿਹਤ ਲਈ ਹਾਨੀਕਾਰਕ ਪ੍ਰਭਾਵਾਂ ਬਾਰੇ ਦੱਸਦਿਆਂ ਕਿਹਾ ਕਿ ਜੇਕਰ ਪਰਿਵਾਰ ਵਿਚ ਕੋਈ ਇਕ ਵਿਅਕਤੀ ਨਸ਼ੇ ਦਾ ਆਦੀ ਹੋ ਜਾਵੇ ਤਾਂ ਉਸ ਨਾਲ ਪੂਰਾ ਪਰਿਵਾਰ ਪ੍ਰਭਾਵਿਤ ਹੁੰਦਾ ਹੈ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪੁਲਿਸ ਵਿਭਾਗ ਵਲੋਂ ਜਿੱਥੇ ਨਸ਼ਾ ਤਸਕਰਾਂ ਦੇ ਖਿਲਾਫ ਵੱਡੀ ਕਾਰਵਾਈ ਅਮਲ ਵਿਚ ਲਿਆਂਦੀ ਜਾ ਰਹੀ ਹੈ, ਉੱਥੇ ਹੀ ਨਸ਼ੇ ਦੇ ਆਦੀ ਲੋਕਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਦਿਆਂ ਨਸ਼ਾ ਛੁਡਾਉ ਕੇਂਦਰਾਂ ‘ਚ ਭਰਤੀ ਕਰਵਾਇਆ ਜਾ ਰਿਹਾ ਹੈ। ਤਾਂ ਜੋ ਉਹ ਆਪਣਾ ਇਲਾਜ ਕਰਵਾ ਕੇ ਮੁੜ ਤੋਂ ਚੰਗੇ ਨਾਗਰਿਕ ਵਜੋਂ ਜਿੰਦਗੀ ਵਤੀਤ ਕਰ ਸਕਣ। ਉਹਨਾਂ ਸਮੂਹ ਪੰਚਾਇਤਾਂ ਨੂੰ ਅਪੀਲ ਕੀਤੀ ਕਿ ਜੇਕਰ ਕਿਸੇ ਨਸ਼ਾ ਕਾਰੋਬਾਰੀ ਵਾਰੇ ਕੋਈ ਜਾਣਕਾਰੀ ਹੋਵੇ ਤਾਂ ਬਿਨਾਂ ਝਿਝਕ ਪੁਲਿਸ ਨਾਲ ਸਾਂਝੀ ਕੀਤੀ ਜਾਵੇ ਤਾਂ ਜੋ ਸਮਾਂ ਰਹਿੰਦੇ ਬਣਦੀ ਕਾਨੂੰਨੀ ਕਾਰਵਾਈ ਕਰਕੇ ਨੌਜਵਾਨਾਂ ਨੂੰ ਨਸ਼ੇ ਦੀ ਲਤ ਦਾ ਸ਼ਿਕਾਰ ਹੋਣ ਤੋਂ ਬਚਾਇਆ ਜਾ ਸਕੇ। ਇਸ ਮੌਕੇ ਹਰਮੇਸ਼ ਪਾਲ ਸਿੰਘ, ਦੇਸਰਾਜ ਝਮਟ, ਚੁੰਨੀ ਰਾਮ ਨਿੱਕਾ, ਮੁਕੇਸ਼ ਕੁਮਾਰ, ਅਮਰਜੀਤ ਕੌਰ ਢਿੱਲੋਂ ਤੋਂ ਇਲਾਵਾ ਹੋਰ ਪਤਵੰਤੇ ਵੀ ਹਾਜਰ ਸਨ

# ਜ਼ਿਲਾ ਕਾਨੂੰਨੀ ਸੇਵਾਵਾਂ ਅਥਾਰਟੀ ਵਲੋਂ ਸਰਕਾਰੀ ਹਾਈ ਸਕੂਲ ਚੌਰਾ ਵਿਖੇ ਮੁਫ਼ਤ ਕਾਨੂੰਨੀ ਸੇਵਾਵਾਂ ਜਾਗਰੂਕਤਾ ਸੈਮੀਨਾਰ ਆਯੋਜਿਤ




ਪਟਿਆਲਾ (ਲੋਕ ਬਾਣੀ)

ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਸਰਪ੍ਰਸਤੀ ਅਤੇ ਮੈਡਮ ਰੁਪਿੰਦਰਜੀਤ ਚਹਿਲ ਜ਼ਿਲ੍ਹਾ ਅਤੇ ਸੈਸ਼ਨ ਜੱਜ ਕਮ ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਅਤੇ ਮੈਡਮ ਮਾਨੀ ਅਰੋੜਾ ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ ਕਮ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਦੀ ਦੇਖ-ਰੇਖ ਹੇਠ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਵਲੋਂ ਸਕੂਲ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਇੱਕ ਮੁਫ਼ਤ ਕਾਨੂੰਨੀ ਜਾਗਰੂਕਤਾ ਸੈਮੀਨਾਰ ਸਰਕਾਰੀ ਹਾਈ ਸਕੂਲ ਚੌਰਾ ਵਿਖੇ ਆਯੋਜਿਤ ਕੀਤਾ ਗਿਆ।

ਇਸ ਮੌਕੇ ਕੀ ਨੋਟ ਸਪੀਕਰ ਉੱਘੇ ਸਮਾਜਸੇਵੀ ਵਾਤਾਵਰਨ ਤੇ ਕਲਾ ਪ੍ਰੇਮੀ ਭਗਵਾਨ ਦਾਸ ਗੁਪਤਾ ਪੈਰਾ ਲੀਗਲ ਵਲੰਟੀਅਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਨੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਮੁਫ਼ਤ ਕਾਨੂੰਨੀ ਸੇਵਾਵਾਂ, ਲੋਕ ਅਦਾਲਤਾਂ ਦੇ ਲਾਭ, ਸਥਾਈ ਲੋਕ ਅਦਾਲਤ ( ਜਨ ਉਪਯੋਗਤਾ ਸੇਵਾਵਾਂ ) ਬਾਰੇ ਜਾਗਰੂਕ ਕੀਤਾ ।

ਭਗਵਾਨ ਦਾਸ ਗੁਪਤਾ ਨੇ ਹਾਜ਼ਰੀਨ ਨੂੰ ਅਥਾਰਟੀ ਵਲੋਂ ਦਿੱਤੀਆਂ ਜਾਂਦੀਆਂ ਵੱਖ ਵੱਖ ਮੁਫ਼ਤ ਕਾਨੂੰਨੀ ਸੇਵਾਵਾਂ ਅਤੇ ਪੰਜਾਬ ਪੀੜਤ ਮੁਆਵਜ਼ਾ ਸਕੀਮ-2017 ਬਾਰੇ ਵਿਸਥਾਰ ਪੂਰਵਕ ਦੱਸਿਆ। ਇਸ ਤੋਂ ਇਲਾਵਾ 29 ਜੁਲਾਈ ਤੋਂ 3 ਅਗਸਤ ਤੱਕ ਮਾਣਯੋਗ ਸੁਪਰੀਮ ਕੋਰਟ ਦਿੱਲੀ ਵਿਖੇ ਲੱਗਣ ਵਾਲੀ ਸਪੈਸ਼ਲ ਲੋਕ ਅਦਾਲਤ ਅਤੇ 14 ਸਤੰਬਰ ਨੂੰ ਲੱਗਣ ਜਾ ਰਹੀ ਨੈਸ਼ਨਲ ਲੋਕ ਅਦਾਲਤ ਬਾਰੇ ਵੀ ਜਾਣਕਾਰੀ ਦਿੱਤੀ।

ਸਕੂਲ ਦੀ ਮੁੱਖ ਅਧਿਆਪਕਾ ਲੀਨਾ ਛਾਬੜਾ ਪੀਈਐਸ -2 ਨੇ ਲੋਕਾਂ ਨੂੰ ਮੁਫ਼ਤ ਕਾਨੂੰਨੀ ਸੇਵਾਵਾਂ ਦਾ ਵੱਧ ਤੋਂ ਵੱਧ ਲਾਹਾ ਲੈਣ ਦੀ ਅਪੀਲ ਕੀਤੀ। ਸਮਾਜ ਸੇਵਕ ਤੇ ਵਾਤਾਵਰਨ ਪ੍ਰੇਮੀ ਜਨਕ ਰਾਜ ਗੁਪਤਾ ਨੇ ਵਿਦਿਆਰਥੀਆਂ ਨੂੰ ਵਾਤਾਵਰਨ ਨੂੰ ਬਚਾਉਣ ਅਤੇ ਸਾਫ਼ ਸੁਥਰਾ ਰੱਖਣ ਲਈ ਆਪਣੇ ਘਰਾਂ ਦੇ ਆਲੇ ਦੁਆਲੇ ਵੱਧ ਤੋਂ ਵੱਧ ਪੌਦੇ ਲਗਾਉਣ ਦੀ ਵੀ ਅਪੀਲ ਕੀਤੀ

ਇਸ ਮੌਕੇ ਸੁਰੇਸ਼ ਸ਼ਰਮਾ ਯੋਗਾ ਤੇ ਮੈਡੀਟੇਸ਼ਨ ਮਾਹਿਰ, ਪੀਐਲਵੀ ਜਗਦੀਪ ਕੌਰ, ਅਸ਼ਵਨੀ ਕੁਮਾਰ ਸੁਦੇਸ਼ ਕੁਮਾਰ, ਅਸ਼ਵਿੰਦਰ ਸਿੰਘ ਅਤੇ ਗਗਨਦੀਪ ਸਿੰਘ ਤੋਂ ਇਲਾਵਾ ਸਕੂਲ ਦਾ

# ਬੀਐਡ ਅਧਿਆਪਕ ਫਰੰਟ ਬਲਾਕ ਮਹਿਲ ਕਲਾਂ ਦੀ ਹੋਈ ਜਥੇਬੰਦਕ ਮੀਟਿੰਗ




ਬਰਨਾਲਾ( ਸੁਖਵਿੰਦਰ ਸਿੰਘ ਭੰਡਾਰੀ) ਬਲਾਕ ਪ੍ਰਧਾਨ ਜਗਜੀਤ ਸਿੰਘ ਛਾਪਾ, ਸਕੱਤਰ ਗੁਰਤੇਜ ਸਿੰਘ ਖਿਆਲੀ ਦੀ ਪ੍ਰਧਾਨਗੀ ਵਿੱਚ ਬਲਾਕ ਮਹਿਲ ਕਲਾਂ ਦੀ ਜੱਥੇਬੰਦਕ ਮੀਟਿੰਗ ਕੀਤੀ ਗਈ। ਜਿਸ ਵਿੱਚ ਜ਼ਿਲ੍ਹਾ ਪ੍ਰਧਾਨ ਪਰਮਿੰਦਰ ਸਿੰਘ, ਮੀਤ ਪ੍ਰਧਾਨ ਦਲਜਿੰਦਰ ਸਿੰਘ ਅਤੇ ਸਟੇਟ ਕਮੇਟੀ ਮੈਂਬਰ ਕੇਵਲ ਸਿੰਘ ਨੇ ਵਿਸ਼ੇਸ਼ ਸ਼ਮੂਲੀਅਤ ਕੀਤੀ। ਆਗੂਆਂ ਨੇ ਸੰਬੋਧਨ ਕਰਦਿਆਂ ਜੱਥੇਬੰਦੀ ਦੇ ਮਾਣਮੱਤੇ ਇਤਿਹਾਸ ਉੱਪਰ ਚਰਚਾ ਕਰਦਿਆਂ ਜਥੇਬੰਦੀ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕੀਤਾ। ਅੱਜ ਦੀ ਇਸ ਮੀਟਿੰਗ ਵਿੱਚ ਵੱਖ-ਵੱਖ ਆਗੂਆਂ ਨੇ ਸੰਬੋਧਨ ਕਰਦੇ ਹੋਏ ਪੰਜਾਬ ਸਰਕਾਰ ਦੁਆਰਾ ਮੁਲਾਜ਼ਮਾਂ ਦੇ ਹੱਕਾਂ ਤੇ ਮਾਰੇ ਗਏ ਡਾਕੇ ਦੀ ਪੁਰਜ਼ੋਰ ਨਿੰਦਾ ਕਰਦਿਆਂ ਸਰਕਾਰ ਪਾਸੋਂ ਪੁਰਾਣੀ ਪੈਨਸ਼ਨ ਬਹਾਲ ਕਰਨ, ਏਸੀਪੀ ਸਕੀਮ ਬਹਾਲ ਕਰਨ, ਪੇਂਡੂ ਭੱਤਾ ਬਹਾਲ ਕਰਨ, ਪੇ ਕਮਿਸ਼ਨ ਨੂੰ ਪੂਰਨ ਰੂਪ ਵਿੱਚ ਲਾਗੂ ਕਰਨ , ਪ੍ਰਾਇਮਰੀ ਕੇਡਰ ਤੋਂ ਮਾਸਟਰ ਕੇਡਰ ਦੀਆਂ ਪਦਉਨਤੀਆਂ ਕਰਨ, ਆਮ ਬਦਲੀਆਂ ਜਲਦ ਤੋਂ ਜਲਦ ਕਰਨ, ਨਵ ਨਿਯੁਕਤ ਕਰਮਚਾਰੀਆਂ ਉੱਪਰ ਲਾਗੂ ਕੇਂਦਰੀ ਪੇ ਸਕੇਲ ਰੱਦ ਕਰਦਿਆਂ ਪੰਜਾਬ ਪੇ ਸਕੇਲ ਲਾਗੂ ਕਰਨ ਦੀ ਮੰਗ ਕੀਤੀ। ਇਸ ਸਮੇਂ ਜਥੇਬੰਦੀ ਦੁਆਰਾ ਬਲਾਕ ਪੱਧਰ ਤੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਮਸਲਿਆਂ ਜਿਵੇਂ ਕਿ ਵਰਦੀਆਂ ਦੀ ਖ਼ਰੀਦ ਦੀ ਅਦਾਇਗੀ , ਵਾਪਿਸ ਲਈਆਂ ਗ੍ਰਾਂਟਾਂ ਦੀ ਮੁੜ ਅਦਾਇਗੀ ਕਰਨ,ਪੈਂਡਿੰਗ ਮੈਡੀਕਰ ਬਿਲਾਂ ਦੀ ਅਦਾਇਗੀਆਂ ਅਤੇ ਹੋਰ ਮੰਗਾਂ ਸਬੰਧੀ ਬੀ ਪੀ ਈ ਓ ਮਹਿਲ ਕਲਾਂ ਨਾਲ ਮੀਟਿੰਗ ਕਰਨ ਦਾ ਫੈਸਲਾ ਕੀਤਾ ਗਿਆ। ਅੱਜ ਦੀ ਮੀਟਿੰਗ ਵਿੱਚ ਵਿੱਚ ਨੀਰਜ ਸ਼ਰਮਾ, ਯਾਦਵਿੰਦਰ ਸੰਘੇੜਾ, ਕਮਲਦੀਪ ਸ਼ਰਮਾ, ਬਰਿੰਦਰਪਾਲ ਛਾਪਾ, ਮਨਜੀਤ ਸਿੰਘ ਠੀਕਰੀਵਾਲ ਨੇ ਬੋਲਦਿਆਂ ਕਿਹਾ ਕਿ ਫਰੰਟ ਦੇ ਹੁਣ ਤੱਕ ਦੇ ਕੀਤੇ ਕੰਮਾਂ ਉਪਰ ਹਮੇਸ਼ਾ ਮਾਣ ਰਹੇਗਾ। ਇਸ ਮੌਕੇ ਹਰਵਿੰਦਰ ਸਿੰਘ, ਸੁਖਵਿੰਦਰ ਸਿੰਘ, ਸੰਦੀਪ ਕੁਮਾਰ ਅਤੇ ਸੁਖਬੀਰ ਸਿੰਘ ਹਾਜ਼ਰ ਸਨ।

# ਜੋਗਿੰਦਰ ਮਾਨ ਨੇ ਪਿੰਡਾਂ ਦੇ ਵਿਕਾਸ ਸਬੰਧੀ ਵਿਭਾਗੀ ਅਧਿਕਾਰੀਆਂ ਨਾਲ ਕੀਤੀ ਸਮੀਖਿਆ ਮੀਟਿੰਗ

## ਕਿਹਾ - ਵਿਕਾਸ ਪੱਖੋਂ ਪੰਜਾਬ ਬਣੇਗਾ ਮਾਡਲ ਸਟੇਟ

ਫਗਵਾੜਾ (ਜੀਵਨ ਸੰਘਾ) ਆਮ ਆਦਮੀ ਪਾਰਟੀ ਹਲਕਾ ਵਿਧਾਨਸਭਾ ਫਗਵਾੜਾ ਦੇ ਇੰਚਾਰਜ ਜੋਗਿੰਦਰ ਸਿੰਘ ਮਾਨ ਨੇ ਪਿੰਡਾਂ ਦੇ ਵਿਕਾਸ ਕਾਰਜਾਂ ਦੀ ਸਮੀਖਿਆ ਲਈ ਬੀ.ਡੀ.ਪੀ.ਓ ਦਫਤਰ ਵਿਖੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਇਸ ਮੀਟਿੰਗ ਵਿਚ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਰਾਮ ਪਾਲ ਸਿੰਘ ਰਾਣਾ ਤੋਂ ਇਲਾਵਾ ਪੰਚਾਇਤ ਅਫਸਰ ਜਗਜੀਤ ਸਿੰਘ, ਮਲਕੀਤ ਸਿੰਘ ਪੰਚਾਇਤ ਸਕੱਤਰ, ਸੁਲੱਖਣ ਸਿੰਘ ਪੰਚਾਇਤ ਸਕੱਤਰ, ਅਮਨ ਕੁਮਾਰ ਜੇ.ਈ, ਅਨਿਲ ਕੁਮਾਰ ਜੇ.ਈ, ਸੁਰਿੰਦਰ ਪਾਲ ਏ.ਪੀ.ਓ. ਜਸਕਰਨ ਕੁਮਾਰ ਟੀਏ ਸਮੇਤ ਹੋਰ ਵਿਭਾਗੀ ਅਧਿਕਾਰੀ ਹਾਜਰ ਰਹੇ। ਸ. ਮਾਨ ਨੇ ਮੀਟਿੰਗ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਹੇਠ ਹਲਕਾ ਵਿਧਾਨਸਭਾ ਫਗਵਾੜਾ ਅਧੀਨ ਆਉਂਦੇ ਪਿੰਡਾਂ ਦੇ ਸਰਬ ਪੱਖੀ ਵਿਕਾਸ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ। ਅੱਜ ਦੀ ਮੀਟਿੰਗ ਵਿਚ ਪਿੰਡਾਂ ਅੰਦਰ ਵਿਭਾਗ ਵਲੋਂ ਕਰਵਾਏ ਜਾ ਰਹੇ ਵਿਕਾਸ ਦੇ ਕਾਰਜਾਂ ਦੀ ਸਮੀਖਿਆ ਕੀਤੀ ਗਈ ਹੈ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਦਾ ਟੀਚਾ ਪਿੰਡਾਂ ਨੂੰ ਵੀ ਸ਼ਹਿਰਾਂ ਵਰਗੀਆਂ ਆਧੁਨਿਕ ਸੁਵਿਧਾਵਾਂ ਨਾਲ ਲੈਸ ਕਰਨਾ ਹੈ। ਹਰੇਕ ਪਿੰਡ ਵਿਚ ਪੱਕੀਆਂ ਗਲੀਆਂ, ਖੂਬਸੂਰਤ ਸੜਕਾਂ, ਸੀਵਰੇਜ, ਵਾਟਰ ਸਪਲਾਈ, ਸਟਰੀਟ ਲਾਈਟਾਂ ਅਤੇ




ਪਾਰਕਾਂ ਸਮੇਤ ਓਪਨ ਜਿਮ ਬਣਾਏ ਜਾ ਰਹੇ ਹਨ। ਪਿੰਡਾਂ ਦਾ ਵਾਤਾਵਰਣ ਸ਼ੁੱਧ ਰੱਖਣ ਲਈ ਵੱਡੀ ਪੱਧਰ ਤੇ ਵਣ ਵਿਭਾਗ ਦੇ ਸਹਿਯੋਗ ਨਾਲ ਬੂਟੇ ਵੀ ਲਗਾਏ ਜਾ ਰਹੇ ਹਨ। ਉਹਨਾਂ ਭਰੋਸਾ ਜਤਾਇਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਪਹਿਲੇ ਪੰਜ ਸਾਲ ਵਿਚ ਵਿਕਾਸ ਪੱਖੋਂ ਪੰਜਾਬ ਭਾਰਤ ਦੇ ਨਕਸ਼ੇ ਤੇ ਮਾਡਲ ਸਟੇਟ ਵਜੋਂ ਵੱਖਰੀ ਪਛਾਣ ਕਾਇਮ ਕਰੇਗਾ

# 15 ਅਗਸਤ ਨੂੰ ਲੈਕੇ ਐਸ ਡੀ ਐਮ ਫਗਵਾੜਾ ਵਲੋਂ ਸੱਦੀ ਗਈ ਮੀਟਿੰਗ




ਫਗਵਾੜਾ (ਜੀਵਨ ਸੰਘਾ) ਐਸ ਡੀ ਐਮ ਫਗਵਾੜਾ ਜਸ਼ਨਜੀਤ ਸਿੰਘ ਵਲੋਂ 15 ਅਗਸਤ ਦੇ ਸਮਾਗਮ ਨੂੰ ਲੈਕੇ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨਾਲ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ ਉਨ੍ਹਾਂ ਦੱਸਿਆ ਕਿ ਇਸ ਵਾਰ ਕੀਤੇ ਜਾ ਰਹੇ 15 ਅਗਸਤ ਦੇ ਸਮਾਗਮ ਲਈ ਸਮੂਹ ਅਧਿਕਾਰੀਆਂ ਅਤੇ ਕਰਮਚਾਰੀਆਂ ਚ ਕਾਫੀ ਜੋਸ਼ ਉਤਸ਼ਾਹ ਨਜਰ ਆ ਰਿਹਾ ਹੈ ਜਿਸ ਸੰਬੰਧੀ ਮਿਤੀ ਅਗਸਤ 8, 10 ,13 ਨੂੰ ਰਿਹਰਸਲ ਕਰਵਾਈ ਜਾਵੇਗੀ

ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖਬਰਾਂ , ਰਿਪੋਰਟਾਂ , ਲੇਕ, ਕਹਾਣੀਆਂ, ਕਵਿਤਾਵਾ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ । ਸੂਚਨਾਂ, ਵਿਚਾਰ ਆਦਿ ਨਾਲ ਅਖਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛੱਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜੰਮੇਵਾਰੀ ਨਹੀ ਲੈਦੇ ਕਿਉਂਕਿ ਅਖਬਾਰ ਇੰਨਾ ਨੂੰ ਤਸਦੀਕ ਨਹੀਂ ਕਰਦਾ ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ । ਕਿ ਉਹ ਇੰਨਾ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨਾਂ ਤੱਥਾਂ ਦੀ ਪੜਤਾਲ , ਪੁਸ਼ਟੀਕਰ ਲੈਣ।ਰੋਜ਼ਾਨਾਲੋਕ ਬਾਣੀ ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸੰਬੰਧੀ ਕੇਸਾ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿੱਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀ । ਖਬਰਾਂ ਪ੍ਰਤੀ ਜਿੰਮੇਵਾਰੀ ਪੱਤਰਕਾਰ ਦੀ ਹੋਵੇਗੀ ।

Daily Lok Bani(Punjabi) R.N.I. Punpun/29016/2008 Editor, owner, Printer , Publisher, Amandeep Mehra , Printed at Rachna Printers , Railway Road Jalandhar Place of Publication :308 Sangam Complex milap Chowk , Jalandhar (India), Contact No.: 0181-2211009, Fax : 2211009, Email id : lokbani08@gmail.com, Editormehra@gmail.com

# ਮਦਨ ਲਾਲ ਬਾਂਸਲ 16 ਏਕੜ ਕਲੌਨੀ ਦੇ ਸਰਵਸੰਮਤੀ ਨਾਲ 5ਵੀਂ ਵਾਰ ਬਣੇ ਪ੍ਰਧਾਨ

## ਕਲੋਨੀ ਨਿਵਾਸੀਆ ਨੇ ਵੱਡੀ ਗਿਣਤੀ ਵਿੱਚ ਇਕੱਠੇ ਹੋ ਕੇ ਦਿੱਤੀ ਵਧਾਈ




ਬਰਨਾਲਾ, (ਸੁਖਵਿੰਦਰ ਸਿੰਘ ਭੰਡਾਰੀ) 16 ਏਕੜ ਕਲੋਨੀ ਦੀ ਸ਼ਹੀਦ ਕੈਪਟਨ ਕਰਮ ਸਿੰਘ ਨਗਰ ਵੈਲਫੇਅਰ ਐਸੋਸੀਏਸ਼ਨ ਰਜਿ਼ ਬਰਨਾਲਾ ਦੀ ਪ੍ਰਧਾਨਗੀ ਦੀ ਚੋਣ ਲਈ ਨਿਰਧਾਰਤ ਸ਼ਮੇ ਤੱਕ ਮਦਨ ਲਾਲ ਬਾਂਸਲ ਤੋ ਇਲਾਵਾ ਕਿਸੇ ਵੀ ਵਿਅਕਤੀ ਨੇ ਆਪਣੀ ਨੋਮੀਨੇਸ਼ਨ ਨਹੀਂ ਭਰੀ। ਇਸ ਲਈ ਅਸੋਸੀਏਸ਼ਨ ਦੇ ਸਰਪ੍ਰਸਤ ਕਮਲੇਸ਼ ਗੋਇਲ ਦੁਆਰਾ ਐਸੋਸੀਏਸ਼ਨ ਦੇ ਸੰਵਿਧਾਨ ਅਨੁਸਾਰ ਮਦਨ ਲਾਲ ਬਾਂਸਲ ਨੂੰ ਸਰਬਸੰਮਤੀ ਨਾਲ ਅਗਲੇ ਤਿੰਨ ਸਾਲ ਲਈ ਪ੍ਰਧਾਨ ਚੁਣਿਆਂ ਗਿਆ। ਇਸ ਸ਼ਮੇ ਸਹਿਰ ਦੀ ਇਸ ਪੌਸ਼ ਕਲੋਨੀ 16 ਏਕੜ ਵਿੱਚ ਸਵਾਗਤੀ ਪ੍ਰੋਗਰਾਮ ਰੱਖਿਆ ਗਿਆ। ਵੱਖ ਵੱਖ ਬੁਲਾਰੇ ਜਿਵੇਂ ਕੁਲਵੰਤ ਰਾਏ ਗੋਇਲ ਐਡਵੋਕੇਟ,ਡਾਕਟਰ ਰਕੇਸ ਪੁੰਜ,ਰਕਿੰਦਰ ਭੱਲਾ, ਰਾਕੇਸ਼ ਕੁਮਾਰ ਮੈਡੀਕਲ ਵਾਲੇ,ਸੁਨੀਲ ਦੱਤ ਸਾਬਕਾ ਮੈਨੇਜਰ ਪੀ ਐਨ ਬੀ ਬੈਂਕ, ਵਿਜੈ ਸ਼ਰਮਾਂ ਆਦਿ ਨੇ ਮਦਨ ਲਾਲ ਬਾਂਸਲ ਦੇ ਕੀਤੇ ਕੰਮਾਂ ਦੀ ਬਹੁਤ ਹੀ ਪ੍ਰਸ਼ੰਸਾ ਕੀਤੀ। ਸਕੱਤਰ ਨਰਿੰਦਰ ਗੋਇਲ ਵੱਲੋ ਸਟੇਜ਼ ਨੂੰ ਬੜੇ ਸੁਚੱਜੇ ਢੰਗ ਨਾਲ ਚਲਾਇਆ ਗਿਆ। ਪ੍ਰਧਾਨ ਮਦਨ ਲਾਲ ਬਾਂਸਲ ਨੇ ਕਲੌਨੀ ਦੇ ਆਏ ਵਿਅਕਤੀਆਂ ਦਾ ਧੰਨਵਾਦ ਕੀਤਾ ਤੇ ਕੀਤੇ ਮੇਨ ਕੀਤੇ ਕੰਮਾਂ ਬਾਰੇ ਦੱਸਿਆ। ਕਲੌਨੀ ਦੇ ਰਹਿੰਦੇ ਕੰਮ ਜਿਵੇਂ ਕਿ ਕਮਿਊਨਿਟੀ ਹਾਲ ਦੀ ਉਸਾਰੀ,ਕਲੌਨੀ ਦੇ ਗੇਟ ਦੀ ਨਵੀ ਦਿੱਖ,ਕਲੌਨੀ ਨੂੰ ਹਰਿਆ ਭਰਿਆ ਭਾਵ ਕਲੌਨੀ ਦਾ ਸੁੰਦਰੀਕਰਨ ਬਾਰੇ ਸਹਿਯੋਗ ਮੰਗਿਆ ਤਾਂ ਜੋ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਰਾਮ ਤੀਰਥ ਮੰਨਾ,ਮੈਬਰ ਪਾਰਲੀਮੈਂਟ ਮੀਤ ਹੇਅਰ ਜੀ ਨੂੰ ਮਿਲਿਆ ਜਾਵੇ। ਇਸ ਸ਼ਮੇ ਰਜਿੰਦਰ ਕਾਂਸਲ,ਵਿਕੀ ਗੋਇਲ,ਸੈਲੀ,ਸ੍ਰੀਕਾਂਤ,ਗਿਆਨ ਭੋਤਨਾ,ਭਾਰਤ ਕਾਂਸਲ,ਕ੍ਰਿਸ਼ਨ ਬਿੱਟੂ ਸੀਨੀਅਰ ਲੀਡਰ ਆਪ ,ਅਮਨ ਕਾਲਾ ਬਲਾਕ ਪ੍ਰਧਾਨ ਆਪ,ਕੁਲਜੀਤ ਸਰਮਾਂ,ਰਕੇਸ ਕੁਮਾਰ,ਸੋਮਨਾਥ ਐਡਵੋਕੇਟ,ਸੋਹਨ ਸਿੰਘ,ਸੰਜੀਵ ਕੁਮਾਰ ਬਾਂਸਲ,ਭਾਨ ਚੰਦ,ਇੰਦਰਪਾਲ,ਕਮਲ ਗੋਇਲ,ਭੂਸ਼ਣ ਕੁਮਾਰ,ਸੁਰੇਸ਼ ਕੁਮਾਰ,ਮੇਲਾ ਰਾਮ ਆਦਿ ਹਾਜ਼ਰ ਸਨ।

# ਐਲ ਬੀ ਐਸ ਕਾਲਜ ਦਾ ਐਮ ਏ ਇਤਿਹਾਸ ਸਮੈਸਟਰ ਪਹਿਲਾ ਦਾ ਨਤੀਜਾ ਰਿਹਾ ਸ਼ਾਨਦਾਰ




ਬਰਨਾਲਾ, (ਸੁਖਵਿੰਦਰ ਸਿੰਘ ਭੰਡਾਰੀ) ਸ਼੍ਰੀ ਐਲ ਬੀ ਐਸ ਆਰੀਆ ਮਹਿਲਾ ਕਾਲਜ ਬਰਨਾਲਾ ਦੇ ਪ੍ਰਿੰਸੀਪਲ ਡਾ ਨੀਲਮ ਸ਼ਰਮਾ ਨੇ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਐਮ ਏ ਇਤਿਹਾਸ ਦੇ ਪਹਿਲੇ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ ਹੈ। ਇਤਿਹਾਸ ਵਿਭਾਗ ਦੇ ਮੁੱਖੀ ਮੈਡਮ ਅਰਚਨਾ ਨੇ ਜਾਣਕਾਰੀ ਦਿੱਤੀ ਕਿ ਹਰਜੀਤ ਕੌਰ ਪੁੱਤਰੀ ਨਛੱਤਰ ਸਿੰਘ ਪਿੰਡ ਜੋਗਾ ਨੇ 80 ਪ੍ਰਤੀਸ਼ਤ ਅੰਕ ਲੈ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ। ਦੂਜੇ ਸਥਾਨ ਤੇ ਪਰਵਿੰਦਰ ਕੌਰ ਪੁੱਤਰੀ ਜਗਰਾਜ ਸਿੰਘ ਪਿੰਡ ਬੀਹਲਾ ਤੇ ਵੀਰਪਾਲ ਕੌਰ ਪੁੱਤਰੀ ਗੁਰਮੇਲ ਸਿੰਘ ਪਿੰਡ ਫਰਵਾਹੀ ਨੇ 77.5 ਪ੍ਰਤੀਸ਼ਤ ਅੰਕ ਲੈ ਕੇ ਦੂਜਾ ਸਥਾਨ ਪ੍ਰਾਪਤ ਕੀਤਾ। ਤੀਸਰੇ ਸਥਾਨ ਤੇ ਮਨਪ੍ਰੀਤ ਕੌਰ ਪੁੱਤਰੀ ਚੰਦ ਸਿੰਘ ਪਿੰਡ ਧੌਲਾ ਅਤੇ ਦੀਕਸ਼ਾ ਪੁੱਤਰੀ ਈਸ਼ਵਰ ਸਿੰਘ ਪਿੰਡ ਹੰਡਿਆਇਆ ਨੇ 75.7 ਪ੍ਰਤੀਸ਼ਤ ਅੰਕ ਹਾਸਲ ਕਰ ਕੇ ਤੀਸਰਾ ਸਥਾਨ ਪ੍ਰਾਪਤ ਕੀਤਾ। ਪ੍ਰਿੰਸੀਪਲ ਮੈਡਮ ਨੀਲਮ ਸ਼ਰਮਾ ਨੇ ਜੇਤੂ ਵਿਦਿਆਰਥਣਾਂ, ਉਨ੍ਹਾਂ ਦੇ ਮਾਪਿਆ ਅਤੇ ਸਟਾਫ਼ ਨੂੰ ਵਧਾਈ ਦਿੱਤੀ। ਮੈਡਮ ਅਰਚਨਾ ਨੇ ਕਿਹਾ ਕਿ ਇਸ ਦਾ ਸਿਹਰਾ ਮੈਡਮ ਸੁਨੀਤਾ ਤੇ ਮੈਡਮ ਸੀਮਾ ਨੂੰ ਜਾਂਦਾ ਹੈ।

# ਆਪਣੇ ਹੱਥੀਂ ਬੂਟੇ ਲਗਾ ਕੇ ਵਾਤਾਵਰਣ ਦੀ ਸ਼ੁੱਧਤਾ ਲਈ ਮੁਹਿੰਮ ਦਾ ਕੀਤਾ ਆਗਾਜ਼




ਬਰਨਾਲਾ ( ਸੁਖਵਿੰਦਰ ਸਿੰਘ ਭੰਡਾਰੀ) ਬਰਨਾਲਾ ਦੇ ਪ੍ਰਸਿੱਧ ਵਾਤਾਵਰਣ ਪ੍ਰੇਮੀ ਬਿੰਦੂ ਗਰਗ ਪ੍ਰਧਾਨ ਬਾਲਾ ਜੀ ਸੰਕੀਰਤਨ ਮੰਡਲੀ ਨੇ ਆਪਣੇ ਹੱਥੀਂ ਰਾਮ ਬਾਗ ਬਰਨਾਲਾ ਵਿਖੇ ਬੂਟੇ ਲਗਾ ਕੇ ਮਨੁੱਖਤਾ ਨੂੰ ਬਚਾਉਣ ਲਈ ਵੱਧ ਤੋਂ ਵੱਧ ਬੂਟੇ ਲਾਉਣ ਲਈ ਲੋਕਾਂ ਨੂੰ ਅੱਗੇ ਆਉਣ ਦਾ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਦਿਨੋਂ-ਦਿਨ ਵਧ ਰਹੀ ਗਰਮੀ ਅਤੇ ਆਲਮੀ ਤਪਸ਼ ਤੋਂ ਬਚਣ ਲਈ ਬੂਟੇ ਲਗਾਓ ਅਤੇ ਪਾਣੀ ਬਚਾਉ ਮੁਹਿੰਮ ਚਲਾਉਣੀ ਪਵੇਗੀ। ਬੂਟੇ ਲਗਾ ਕੇ ਅਤੇ ਉਨ੍ਹਾਂ ਦਾ ਪਾਲਣ ਪੋਸ਼ਣ ਕਰਕੇ ਹੀ ਅਸੀ ਧਰਤੀ ਨੂੰ ਗਲੋਬਲ ਵਾਰਮਿੰਗ ਤੋਂ ਬਚਾ ਸਕਦੇ ਹਾਂ। ਉਨ੍ਹਾਂ ਕਿਹਾ ਕਿ ਮਨੁੱਖਾਂ ਵੱਲੋਂ ਕੀਤੀ ਜਾ ਰਹੀ ਰੁੱਖਾਂ ਦੀ ਕਟਾਈ ਵਰਗੀਆਂ ਆਪਣੀਆਂ ਗਲਤੀਆਂ ਕਾਰਨ ਵਾਤਾਵਰਣ , ਪਾਣੀ ਤੇ ਹੋਰ ਕੁਦਰਤੀ ਸੋਮੇ ਦਿਨੋਂ-ਦਿਨ ਪਲੀਤ ਹੁੰਦੇ ਜਾ ਰਹੇ ਹਨ।

ਵਾਤਾਵਰਣ ਦੇ ਪ੍ਰਦੂਸ਼ਣ ਨਾਲ ਜਿਥੇ ਮਨੁੱਖੀ ਜੀਵਨ ਤੇ ਗਹਿਰਾ ਅਸਰ ਪੈ ਰਿਹਾ ਹੈ ਉਥੇ ਧਰਤੀ ਤੇ ਰਹਿ ਰਹੇ ਬਹੁਤ ਸਾਰੇ ਪੰਛੀ ਤੇ ਪ੍ਰਾਣੀ ਜਗਤ ਦੀਆਂ ਸੈਂਕੜੇ ਪ੍ਰਜਾਤੀਆਂ ਅਲੋਪ ਹੋ ਚੁੱਕੀਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਕਿਸਾਨਾਂ ਵੱਲੋਂ ਆਪਣੀ ਫ਼ਸਲ ਦੀ ਰਹਿੰਦ- ਖੂੰਹਦ ਨੂੰ ਅੱਗ ਲਗਾਉਣ ਨਾਲ ਜਿਥੇ ਵਾਹੀਯੋਗ ਜ਼ਮੀਨ ਦੇ ਪੋਸ਼ਟਿਕ ਤੱਤ ਖਤਮ ਹੋ ਰਹੇ ਹਨ। ਉਥੇ ਖੇਤਾਂ ਕਿਨਾਰੇ ਲੱਗੇ ਦਰਖੱਤ ਵੀ ਝੁਲਸ ਕੇ ਸੁੱਕ ਜਾਂਦੇ ਹਨ। ਉਨ੍ਹਾਂ ਕਿਹਾ ਕਿ ਮੌਨਸੂਨ ਰੁੱਤ (ਮੀਂਹ ਦਾ ਮੌਸਮ) ਬੂਟੇ ਲਾਉਣ ਲਈ ਢੁਕਵਾਂ ਅਤੇ ਉਚਿਤ ਸਮਾਂ ਹੈ। ਇਸ ਲਈ ਹਰ ਵਿਅਕਤੀ ਘੱਟੋ ਘੱਟ 5-5 ਬੂਟੇ ਜ਼ਰੂਰ ਲਾਵੇ ਤਾਂ ਜੋ ਵਾਤਾਵਰਣ ਨੂੰ ਪ੍ਰਦੂਸ਼ਿਤ ਹੋਣ ਤੋਂ ਰੋਕਿਆ ਜਾ ਸਕੇ।

# ਨੈਸ਼ਨਲ ਮਿਸ਼ਨ ਆਨ ਏਡੀਬਲ ਆਇਲ (ਆਇਲਸੀਡਜ਼) ਸਕੀਮ ਅਧੀਨ ਫਾਰਮਰਜ਼ ਟ੍ਰੇਨਿੰਗ ਲਗਾਈ ਗਈ- ਡਾ. ਰਜਿੰਦਰ ਕੁਮਾਰ ਕੰਬੋਜ




ਸਹੀਦ ਭਗਤ ਸਿੰਘ ਨਗਰ (ਰਮੇਸ ਸਰਮਾ/ਮਨਪ੍ਰੀਤ ਵਾਸੂ) ਡਾ. ਰਜਿੰਦਰ ਕੁਮਾਰ ਕੰਬੋਜ ਮੁੱਖ ਖੇਤੀਬਾੜੀ ਅਫਸਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਪ੍ਰਧਾਨਗੀ ਹੇਠ 'ਤੇਲਬੀਜ ਫਸਲਾਂ ਦੀ ਕਾਸ਼ਤ ਨੂੰ ਉਤਸ਼ਾਹਿਤ ਕਰਨ ਸੰਬੰਧੀ ਵਿਸ਼ੇ ਤੇ ਫਾਰਮਰਜ਼ ਟ੍ਰੇਨਿੰਗ ਦਫਤਰ ਮੁੱਖ ਖੇਤੀਬਾੜੀ ਅਫਸਰ, ਸ਼ਹੀਦ ਭਗਤ ਸਿੰਘ ਨਗਰ ਵਿਖੇ ਲਗਾਈ ਗਈ।ਇਸ ਮੌਕੇ ਡਾ. ਰਜਿੰਦਰ ਕੁਮਾਰ ਕੰਬੋਜ ਮੁੱਖ ਖੇਤੀਬਾੜੀ ਅਫਸਰ ਨੇ ਸਮੂਹ ਖੇਤੀ ਮਾਹਿਰਾਂ ਨੂੰ 'ਤੇਲਬੀਜ ਫਸਲਾਂ ਦੀ ਕਾਸ਼ਤ ਨੂੰ ਉਤਸ਼ਾਹਿਤ ਕਰਨ ਸੰਬੰਧੀ▾ ਬਾਰੇ ਜਾਣਕਾਰੀ ਕਿਸਾਨਾਂ ਤੱਕ ਪਹੁੰਚਾਉਣ ਤੇ ਕਿਰਸਾਨੀ ਦੇ ਵਾਧੇ ਲਈ ਤੰਨਦੇਹੀ ਨਾਲ ਸੇਵਾਵਾਂ ਨਿਭਾਉਣ ਅਤੇ ਕਿਸਾਨਾਂ ਨੂੰ ਇਹਨਾਂ ਟ੍ਰੇਨਿੰਗਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਲਈ ਪ੍ਰੇਰਿਤ ਕੀਤਾ ਗਿਆ। ਡਾ. ਜਸਵਿੰਦਰ ਸਿੰਘ ਐਸਿਸਟੈਂਟ ਪ੍ਰੋਫੈਸਰ, ਕੇ.ਵੀ.ਕੇ, ਲੰਗੜੋਆ ਵਲੋਂ ਸਾਉਣੀ ਸੀਜ਼ਨ ਦੌਰਾਨ ਲੱਗਣ ਵਾਲੀਆਂ ਤੇਲਬੀਜ ਫਸਲਾਂ ਦੀ ਕਾਸ਼ਤ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕੀਤੀ ਗਈ। ਇਸ ਤੋਂ ਇਲਾਵਾ ਡਾ. ਬਲਜੀਤ ਸਿੰਘ, ਐਸਿਸਟੈਂਟ ਪ੍ਰੋਫੈਸਰ, ਕੇ.ਵੀ.ਕੇ, ਲੰਗੜੋਆ ਵਲੋਂ ਤੇਲਬੀਜ ਫਸਲਾਂ ਤੇ ਆਉਣ ਵਾਲੇ ਕੀੜੇ-ਮਕੌੜਿਆ ਅਤੇ ਬੀਮਾਰੀਆਂ ਦੀ ਪਹਿਚਾਣ ਅਤੇ ਰੋਕਥਾਮ ਬਾਰੇ ਜਾਣਕਾਰੀ ਕਿਸਾਨਾਂ ਨਾਲ ਸਾਂਝੀ ਕੀਤੀ ਗਈ। ਡਾ. ਲਛਮਣ ਦਾਸ, ਖੇਤੀਬਾੜੀ ਅਫਸਰ (ਬੰਗਾ) ਵਲੋਂ ਕਿਸਾਨਾਂ ਨੂੰ ਤੇਲਬੀਜ ਫਸਲਾਂ ਹੇਠ ਰਕਬਾ ਵਧਾਉਣ ਲਈ ਪ੍ਰੇਰਿਤ ਕਰਦਿਆਂ ਖਾਸ ਤੌਰ ਤੇ ਕਨੋਲਾ ਸਰੋਂ ਦੇ ਮਨੁਖੀ ਸਿਹਤ ਲਈ ਫਾਇਦਿਆਂ ਬਾਰੇ ਚਾਨਣਾ ਪਾਇਆ ਗਿਆ। ਇਸ ਮੌਕੇ ਡਾ. ਕੁਲਵਿੰਦਰ ਕੌਰ, ਏ.ਡੀ.ਓ (ਸੀਡ) ਵਲੋਂ ਸਟੇਜ ਦੀ ਭੂਮਿਕਾ ਨਿਭਾਈ ਗਈ ਅਤੇ ਆਏ ਹੋਏ ਮਾਹਿਰਾਂ, ਵਿਭਾਗ ਦੇ ਅਧਿਕਾਰੀਆਂ ਅਤੇ ਹਾਜ਼ਰ ਕਿਸਾਨਾਂ ਦਾ ਧੰਨਵਾਦ ਕੀਤਾ ਗਿਆ। ਇਸ ਟ੍ਰੇਨਿੰਗ ਵਿੱਚ ਜਿਲ੍ਹੇ ਦੇ ਵੱਖ-ਵੱਖ ਬਲਾਕਾਂ ਦੇ ਕਿਸਾਨਾਂ ਵਲੋਂ ਭਾਗ ਲਿਆ ਗਿਆ।

# ਪਿੰਡ ਖਾਨਖਾਨਾ ਦੇ ਐਨ ਆਰ ਆਈ ਵੀਰਾਂ ਵਲੋਂ ਲੋੜਵੰਦ ਵਿਦਿਆਰਥੀਆਂ ਦੀ ਸਹਾਇਤਾ

ਸਹੀਦ ਭਗਤ ਸਿੰਘ ਨਗਰ (ਰਮੇਸ ਸਰਮਾ/ ਮਨਪ੍ਰੀਤ ਵਾਸੂ)ਪਿੰਡ ਖਾਨਖਾਨਾ ਦੇ ਐਨ ਆਰ ਆਈ ਵੀਰ ਸ੍ਰੀ ਚਰਨਜੀਤ ਚੰਨੀ ਧੀਰ ਸਪੁੱਤਰ ਲਾਲਾ ਹਰਬੰਸ ਲਾਲ ਧੀਰ ਕੈਨੇਡਾ (ਚੰਨੀ ਬੈਂਕਅਟ ਹਾਲ ਟਰਾਂਟੋ), ਸ ਬਲਕਾਰ ਸਿੰਘ ਰਾਏ ਸਪੁੱਤਰ ਸ ਸੁੱਚਾ ਸਿੰਘ ਰਾਏ (ਕੈਨੇਡਾ) , ਸ੍ਰੀ ਰੋਸ਼ਨ ਲਾਲ ਸਪੁੱਤਰ ਸ੍ਰੀ ਰਾਮ ਕ੍ਰਿਸ਼ਨ ਕੈਨੇਡਾ,ਸ੍ਰੀ ਜਗਜੀਵਨ ਲਾਲ ਜੀਵਾ ਸਪੁੱਤਰ ਸ੍ਰੀ ਰਾਮ ਕ੍ਰਿਸ਼ਨ, ਸ੍ਰੀ ਸੁੱਚਾ ਬੱਧਣ ਸਪੁੱਤਰ ਸ੍ਰੀ ਕਰਮਾ ਬੱਧਣ ਯੂ ਐਸ ਏ, ਸ ਗੁਰਪ੍ਰੀਤ ਸਿੰਘ ਰਾਏ ਸਪੁੱਤਰ ਸ ਅਜੀਤ ਸਿੰਘ ਰਾਏ,ਸ ਅਵਤਾਰ ਸਿੰਘ ਰਾਏ ਸਪੁੱਤਰ ਸ ਸੁੱਚਾ ਸਿੰਘ ਰਾਏ, ਸ੍ਰੀ ਮਹਿੰਦਰ ਭੱਟੀ ਜਰਮਨ,ਸ੍ਰੀ ਦਵਿੰਦਰ ਰਾਮ ਸਪੁੱਤਰ ਸ੍ਰੀ ਗੁਰਮੀਤ ਰਾਮ, ਮਿਸਤਰੀ ਬਲਵੀਰ ਜੀ ਮੁੱਖ ਸੇਵਾਦਾਰ ਦਰਬਾਰ ਸਾਈਂ ਮੌਲੇ ਸ਼ਾਹ ਪਿੰਡ ਖਾਨਖਾਨਾ ਅਤੇ ਪਿੰਡ ਦੇ ਹੋਰ ਐਨ ਆਰ ਵੀਰਾਂ ਦੇ ਸਹਿਯੋਗ ਨਾਲ ਪਿੰਡ ਖਾਨਖਾਨਾ ਵਿੱਚ ਲੋੜਵੰਦ ਵਿਦਿਆਰਥੀਆਂ ਦੀ ਸਹਾਇਤਾ ਕੀਤੀ ਗਈ। ਐਨ ਆਰ ਆਈ ਵੀਰਾਂ ਨੇ ਗੱਲਬਾਤ ਕਰਦੇ ਹੋਏ ਦੱਸਿਆ ਕਿ ਸਾਡੇ ਪਿੰਡ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖਾਨਖਾਨਾ ਦੇ ਪੜ੍ਹਦੇ ਦੋ ਵਿਦਿਆਰਥੀਆਂ ਦੇ ਪਿਤਾ ਜੀ ਦੀ ਬੇਵਕਤੀ ਮੌਤ ਹੋ ਗਈ। ਜਿਸ ਵਿੱਚ ਕਿਰਨ ਪੁੱਤਰੀ ਭੁਪਿੰਦਰ ਸਿੰਘ ਕਲਾਸ ਦਸਵੀਂ ਅਤੇ ਗੁਰਪ੍ਰੀਤ ਸਿੰਘ ਪੁੱਤਰ ਸੁਰਜੀਤ ਰਾਮ ਹਨ। ਪਿੰਡ ਦੇ ਐਨ ਆਰ ਆਈ ਵੀਰ ਇਸ ਦੁਖ ਦੀ ਘੜੀ ਵਿੱਚ ਵਿਦਿਆਰਥੀਆਂ ਦੇ ਨਾਲ ਹਨ। ਉਹਨਾਂ ਨੇ ਸਨੇਹਾ ਦਿਤਾ ਹੈ ਕਿ ਵਿਦਿਆਰਥੀਆਂ ਹਰ ਸੰਭਵ ਮਦਦ ਕੀਤੀ ਜਾਵੇਗੀ।ਪਿੰਡ ਦੇ ਐਨ ਆਰ ਆਈ ਵੀਰ ਨੇ ਦੱਸਿਆ ਕਿ ਇਹ ਦੋਨੋਂ ਪਿੰਡ ਦੇ ਹੋਣਹਾਰ, ਪੜ੍ਹਾਈ ਵਿੱਚ ਹੁਸ਼ਿਆਰ ਵਿਦਿਆਰਥੀ ਹਨ। ਉਹਨਾਂ ਨੇ ਦੱਸਿਆ ਕਿ ਕਿਰਨ ਨੂੰ ਐਨ ਆਰ ਆਈ ਵੀਰਾਂ ਵਲੋਂ 100000ਰੁਪਏ (ਇੱਕ ਲੱਖ ਰੁਪਏ)ਦੀ ਐਫ ਡੀ, ਅਤੇ ਗੁਰਪ੍ਰੀਤ ਸਿੰਘ ਨੂੰ 25000 ਰੁਪਏ (ਪੱਚੀ ਹਜ਼ਾਰ ਰੁਪਏ)ਦੀ ਰਾਸ਼ੀ ਪੜ੍ਹਾਈ ਲਈ ਦਿੱਤੀ ਹੈ। ਉਹਨਾਂ ਨੇ ਵਿਦਿਆਰਥੀਆਂ ਨੂੰ ਹੌਸਲਾ ਦਿੰਦੇ ਹੋਏ ਕਿਹਾ ਹੈ ਕਿ ਅੱਗੇ ਵੀ ਲੋੜਵੰਦ ਵਿਦਿਆਰਥੀਆਂ ਦੀ ਮਦਦ ਕੀਤੀ ਜਾਵੇਗੀ। ਪਰ ਵਿਦਿਆਰਥੀਆਂ ਨੂੰ ਇਹ ਅਪੀਲ ਜ਼ਰੂਰ ਹੈ ਕਿ ਉਹ ਆਪਣੀ ਬਾਰਵੀਂ ਤੱਕ ਦੀ ਪੜ੍ਹਾਈ ਪਿੰਡ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖਾਨਖਾਨਾ ਤੋਂ ਹੀ ਕਰਨ । ਸਕੂਲ ਵਿੱਚ ਐਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ ਹਰ ਸਹੂਲਤ ਮੌਜੂਦ ਹੈ। ਐਨ ਆਰ ਆਈ ਵੀਰਾਂ ਨੇ ਨਾਲ ਹੀ ਪੰਜਾਬ ਸਰਕਾਰ ਮੁੱਖ ਮੰਤਰੀ ਪੰਜਾਬ ਸ ਭਗਵੰਤ ਮਾਨ ਜੀ ਨੂੰ ਬੇਨਤੀ ਕੀਤੀ ਕਿ ਉਹ ਸਕੂਲ ਦੀਆਂ ਸੀਨੀਅਰ ਸੈਕੰਡਰੀ ਪੋਸਟਾਂ ਦੀ ਜਲਦੀ ਤੋਂ ਜਲਦੀ ਮਨਜ਼ੂਰੀ ਦੇਣ ਤਾਂ ਕਿ ਵਿਦਿਆਰਥੀਆਂ ਦੀ ਪੜ੍ਹਾਈ ਵਧੀਆ ਤਰੀਕੇ ਨਾਲ ਚੱਲ ਸਕੇ। ਇਹਨਾਂ ਐਨ ਆਰ ਆਈ ਵੀਰਾਂ ਦੁਆਰਾ ਪੰਜਾਬ ਦੇ ਵੱਖ ਵੱਖ ਪਿੰਡਾਂ ਵਿੱਚ ਲਗਭਗ 40000 ਰੁਪਏ (ਚਾਲੀ ਹਜ਼ਾਰ ਰੁਪਏ) ਦੇ ਬੂਟੇ ਵੀ ਲਗਵਾਏ ਗਏ। ਤਾਂ ਕਿ ਪੰਜਾਬ ਵਿੱਚ ਚੰਗੇ ਵਾਤਾਵਰਣ ਦੀ ਸਥਿਤੀ ਨੂੰ ਕਾਇਮ ਰੱਖਿਆ ਜਾ ਸਕੇ ਅਤੇ ਲੋਕਾਂ ਨੂੰ ਸ਼ੁੱਧ ਹਵਾ ਮਿਲ ਸਕੇ।



# ਬੀਬੀ ਰਜਨੀ ਦੀ ਕਾਸਟ ਅਤੇ ਕਰੂ ਨੇ ਗੁਰਦੁਆਰੇ ਵਿਖੇ ਵਿਸ਼ਵਾਸ ਦਾ ਬੂਟਾ ਦੀ ਸ਼ੁਰੂਆਤ ਕੀਤੀ




ਸੰਗਰਾਂਦ ਦੇ ਸ਼ੁਭ ਮੌਕੇ ਤੇ ਬਹੁਤ ਹੀ ਉਡੀਕੀ ਜਾ ਰਹੀ ਪੰਜਾਬੀ ਸ਼ਰਧਾ ਨਾਲ ਭਰਪੂਰ ਫਿਲਮ ਬੀਬੀ ਰਜਨੀ ਦੇ ਕਲਾਕਾਰਾਂ ਅਤੇ ਕਲਾਕਾਰਾਂ ਨੇ ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਸਾਹਿਬ ਦੇ ਵਿਸ਼ੇਸ਼ ਦਰਸ਼ਨ ਕੀਤੇ। ਫਿਲਮ ਦੇ ਨਿਰਦੇਸ਼ਕ ਅਮਰ ਹੁੰਦਲ ਅਤੇ ਸਟਾਰ ਜੱਸ ਬਾਜਵਾ ਦੀ ਅਗਵਾਈ ਵਾਲੀ ਇਸ ਫੇਰੀ ਨੇ ਫਿਲਮ ਦੇ ਡੂੰਘੇ ਅਧਿਆਤਮਿਕ ਤੱਤ ਅਤੇ ਵਿਸ਼ਵਾਸ ਪ੍ਰਤੀ ਵਚਨਬੱਧਤਾ ਨੂੰ ਰੇਖਾਂਕਿਤ ਕੀਤਾ।

ਆਪਣੀ ਫੇਰੀ ਦੌਰਾਨ, ਟੀਮ ਨੇ ਭਾਈਚਾਰੇ ਵਿੱਚ ਵਿਸ਼ਵਾਸ ਅਤੇ ਵਿਸ਼ਵਾਸ ਦੇ ਬੀਜ ਬੀਜਣ ਲਈ ਵਿਸ਼ਵਾਸ ਦਾ ਬੂਟਾ ਪਹਿਲਕਦਮੀ ਸ਼ੁਰੂ ਕੀਤੀ। ਇਹ ਪਹਿਲਕਦਮੀ ਫਿਲਮ ਦੇ ਮੁੱਖ ਸੰਦੇਸ਼ ਨੂੰ ਦਰਸਾਉਂਦੀ ਹੈ, ਜੋ ਅਟੁੱਟ ਵਿਸ਼ਵਾਸ ਅਤੇ ਜੀਵਨ ਦੀਆਂ ਚੁਣੌਤੀਆਂ ਨੂੰ ਪਾਰ ਕਰਨ ਲਈ ਪ੍ਰਦਾਨ ਕੀਤੀ ਤਾਕਤ ਤੇ ਕੇਂਦ੍ਰਿਤ ਹੈ।ਟੀਮ ਨੇ ਗੁਰੂਦੁਆਰਾ ਸਾਹਿਬ ਵਿਖੇ ਆਸ਼ੀਰਵਾਦ ਮੰਗਿਆ, ਆਸਥਾ, ਵਿਸ਼ਵਾਸ ਦੀ ਮਹੱਤਤਾ ਤੇ ਜ਼ੋਰ ਦਿੱਤਾ ਅਤੇ ਅਧਿਆਤਮਿਕ ਅਨੁਭਵ ਸਾਂਝੇ ਕੀਤੇ। ਇਹ ਦੌਰਾ ਸ਼ਰਧਾ ਭਾਵਨਾ ਨਾਲ ਭਰਿਆ ਹੋਇਆ ਸੀ ਕਿਉਂਕਿ ਟੀਮ ਨੇ ਪਵਿੱਤਰ ਰੀਤੀ ਰਿਵਾਜਾਂ ਵਿੱਚ ਹਿੱਸਾ ਲਿਆ ਅਤੇ ਕਮਿਊਨਿਟੀ ਨਾਲ ਜੁੜਿਆ, ਫਿਲਮ ਦੇ ਅਧਿਆਤਮਿਕ ਲਚਕੀਲੇਪਣ ਅਤੇ ਉਮੀਦ ਦੇ ਸੰਦੇਸ਼ ਨੂੰ ਫੈਲਾਇਆ।

ਬੀਬੀ ਰਜਨੀ; ਇੱਕ ਔਰਤ ਦੀ ਪ੍ਰੇਰਨਾਦਾਇਕ ਕਹਾਣੀ ਦੱਸਦੀ ਹੈ ਜਿਸਦਾ ਦ੍ਰਿੜ ਵਿਸ਼ਵਾਸ ਉਸਨੂੰ ਮੁਸਕਰਾਹਟ ਨਾਲ ਜੀਵਨ ਦੀਆਂ ਰੁਕਾਵਟਾਂ ਦਾ ਸਾਹਮਣਾ ਕਰਨ ਦੀ ਤਾਕਤ ਦਿੰਦਾ ਹੈ। ਫਿਲਮ ਆਪਣੇ ਦਿਲੀ ਬਿਰਤਾਂਤ ਅਤੇ ਸ਼ਾਨਦਾਰ ਪ੍ਰਦਰਸ਼ਨ ਨਾਲ ਦਰਸ਼ਕਾਂ ਨੂੰ ਮੋਹਿਤ ਕਰਨ ਦਾ ਵਾਅਦਾ ਕਰਦੀ ਹੈ, ਇੱਕ ਡੂੰਘਾ ਸਿਨੇਮੈਟਿਕ ਅਨੁਭਵ ਪ੍ਰਦਾਨ ਕਰਦੀ ਹੈ।

ਫਿਲਮ ਬੀਬੀ ਰਜਨੀ 30 ਅਗਸਤ 2024 ਨੂੰ ਸਿਨੇਮਾਘਰਾਂ ਵਿੱਚ ਹੋਵੇਗੀ ਰਿਲੀਜ਼ !!

## ਪੈਸਾ ਪੈਸਾ

ਪੈਸੇ ਦੀ ਇਸ ਦੁਨੀਆਂ ਅੰਦਰ,
ਪੈਸੇ ਦਾ ਮੁੱਲ ਹੈ ਸੱਚੀ,
ਰਿਸ਼ਤਿਆਂ ਦੇ ਵਿੱਚ ਭਰੇ ਕੁੜੱਤਣ,
ਗੱਲ ਸਿਆਣਿਆਂ ਦੱਸੀ,
ਕਠਪੁਤਲੀਆਂ ਬਣ-ਬਣ ਲੋਕੀਂ,
ਇੱਥੇ ਜਾਣ ਪੈਸੇ ਪਿੱਛੇ ਨੱਚੀ,
ਪ੍ਰਿੰਸ ਨਿਮਾਣਿਆ ਇਹ ਪੈਸੇ ਨੇ,
ਸਭ ਦੀ ਪੋਚ ਕੇ ਰੱਖਤੀ ਫ਼ੱਟੀ,
ਬਣ ਮਸਤ ਮੌਲਾ ਤੇ ਨੱਚ ਲੈ ਤੂੰ ਵੀ,
ਜਿਵੇਂ ਦੁਨੀਆਂ ਜਾਂਦੀ ਨੱਚੀ,




ਰਣਬੀਰ ਸਿੰਘ ਪ੍ਰਿੰਸ
ਆਫ਼ਿਸਰ ਕਾਲੋਨੀ
ਸੰਗਰੂਰ

# ਭਾਈ ਤਾਰੂ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਇਆ।

ਸ੍ਰੀ ਅਨੰਦਪੁਰ ਸਾਹਿਬ, ਦਵਿੰਦਰਪਾਲ ਸਿੰਘ): ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਰੂਪਨਗਰ -ਐਸ ਬੀ ਐਸ ਨਗਰ ਜੋਨ ਦੇ ਖੇਤਰ ਸ੍ਰੀ ਅਨੰਦਪੁਰ ਸਾਹਿਬ ਵੱਲੋਂ ਭਾਈ ਤਾਰੂ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਮਾਤਾ ਸਾਹਿਬ ਕੌਰ ਅਕੈਡਮੀ ਡੱਬਰੀ ਵਿਖੇ ਗੁਰਮਤਿ ਸਮਾਗਮ ਕੀਤਾ ਗਿਆ।

ਸਮਾਗਮ ਦੀ ਆਰੰਭਤਾ ਵਿਦਿਆਰਥੀਆਂ ਵਲੋਂ ਸੰਗਤੀ ਰੂਪ ਵਿੱਚ ਜਪੁਜੀ ਸਾਹਿਬ ਦੇ ਪਾਠ ਨਾਲ ਹੋਈ।ਸ ਕੰਵਲਜੀਤ ਸਿੰਘ ਪ੍ਰਧਾਨ ਹਿਮਾਚਲ ਪ੍ਰਦੇਸ਼ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਨੇ ਵਿਦਿਆਰਥੀਆਂ ਨਾਲ ਨੈਤਿਕ ਕਦਰਾਂ ਕੀਮਤਾਂ, ਵਿਦਿਆਰਥੀ ਜੀਵਨ ਵਿਚ ਚੰਗੀਆਂ ਗੱਲਾਂ ਸੁਣਨ ਅਤੇ ਭਾਈ ਤਾਰੂ ਸਿੰਘ ਦਿਵਸ ਸਮਾਗਮ ਕਰਨ ਦਾ ਮਨੋਰਥ ਸਬੰਧੀ ਵਿਚਾਰ ਸਾਂਝੇ ਕੀਤੇ। ਉਹਨਾਂ ਤੋਂ ਉਪਰੰਤ ਭਾਈ ਪ੍ਰਿਤਪਾਲ ਸਿੰਘ ਪ੍ਰਚਾਰਕ ਧਰਮ ਪ੍ਰਚਾਰ ਕਮੇਟੀ ਸ਼ੋ੍ਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਭਾਈ ਤਾਰੂ ਸਿੰਘ ਜੀ ਦੇ ਜੀਵਨੀ,ਸ਼ਹੀਦੀ ਅਤੇ ਕੇਸਾਂ ਦੀ ਮਹਾਨਤਾ ਵਾਰੇ ਵਿਚਾਰ ਸਾਂਝੇ ਕੀਤੇ। ਉਪਰੰਤ ਧਾਰਮਿਕ



ਅਧਿਆਪਿਕਾ ਬੀਬੀ ਹਰਦੀਪ ਕੌਰ ਦੀ ਅਗਵਾਈ ਵਿੱਚ ਬੱਚਿਆਂ ਨੇ ਕਵੀਸ਼ਰੀ ਅਤੇ ਕਵਿਤਾ ਪੇਸ਼ ਕੀਤ। ਸਮਾਗਮ ਦੀ ਸਮਾਪਤੀ ਅਨੰਦ ਸਾਹਿਬ ਜੀ ਦਾ ਪਾਠ ਕਰਕੇ ਗੁਰੂ ਚਰਨਾਂ ਵਿੱਚ ਅਰਦਾਸ ਕਰਕੇ ਕੀਤੀ ਗਈ। ਹੁਕਮਨਾਮਾ ਸਾਹਿਬ ਤੋਂ ਬਾਅਦ ਮਨਦੀਪ ਸਿੰਘ ਪ੍ਰਧਾਨ ਰੂਪਨਗਰ -ਐਸ ਬੀ ਐਸ ਨਗਰ ਜੋਨ ਨੇ ਜਿੱਥੇ ਸਕੂਲ ਮੈਨੇਜਮੈਂਟ ਦਾ ਧੰਨਵਾਦ ਕੀਤਾ ਉਥੇ ਜਥੇਬੰਦੀ ਵੱਲੋਂ ਕੀਤੇ ਜਾ ਰਹੇ ਹੋਰ ਕਾਰਜਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਅੰਤ ਵਿੱਚ ਸੰਬੋਧਨ ਕਰਦਿਆਂ ਪ੍ਰਿੰਸੀਪਲ ਸੁਰਜੀਤ ਕੌਰ ਜੀ ਨੇ ਸਟੱਡੀ ਸਰਕਲ ਦੀ ਸਮੁੱਚੀ ਟੀਮ ਦਾ ਧੰਨਵਾਦ ਕੀਤਾ ਅਤੇ ਬੱਚਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਭਾਈ ਤਾਰੂ ਸਿੰਘ ਜੀ ਵਰਗੇ ਮਹਾਨ ਸ਼ਹੀਦਾਂ ਦੇ ਜੀਵਨ ਤੋਂ ਸੇਧ ਲੈਣੀ ਚਾਹੀਦੀ ਹੈ।ਇਸ ਮੌਕੇ ਗੁਰਪ੍ਰੀਤਮ ਸਿੰਘ, ਸ ਦਲਜੀਤ ਸਿੰਘ ਸਜਮੋਰ, ਸਕੂਲ ਦਾ ਸਮੁੱਚਾ ਸਟਾਫ ਅਤੇ ਸਮੂਹ ਵਿਦਿਆਰਥੀ ਹਾਜ਼ਰ ਸਨ।



ਹਰੀਆਂ - ਹਰੀਆਂ ਸਬਜ਼ੀਆਂ ਖਾਓ
ਹਰੀਆਂ - ਹਰੀਆਂ ਸਬਜੀਆਂ ਖਾਓ ,
ਸਬਜੀਆਂ ਖਾ ਕੇ ਸਿਹਤ ਬਣਾਓ
ਹਰੀਆਂ - ਹਰੀਆਂ ਸਬਜ਼ੀਆਂ ਖਾਓ।
ਸਬਜ਼ੀਆਂ ਖਾ ਕੇ ਸਕੂਲ ਨੂੰ ਜਾਓ
ਬਹੁਤਾ - ਬਹੁਤਾ ਪੜ੍ਹ ਕੇ ਆਓ ,
ਹਰੀਆਂ - ਹਰੀਆਂ ਸਬਜੀਆਂ ਖਾਓ
ਬਰਗਰ ਪੀਜੇ ਕਦੇ ਨਾ ਖਾਓ ,
ਹਰੀਆਂ - ਹਰੀਆਂ ਸਬਜੀਆਂ ਖਾਓ ,
ਹਰੀਆਂ - ਹਰੀਆਂ ਸਬਜੀਆਂ ਖਾਓ ,
ਸਬਜ਼ੀਆਂ ਖਾ ਕੇ ਸਿਹਤ ਬਣਾਓ
ਹਰੀਆਂ - ਹਰੀਆਂ ਸਬਜ਼ੀਆਂ ਖਾਓ।

ਸਿਮਰਨ ਕੌਰ , ਜਮਾਤ ਪੰਜਵੀਂ , ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ , ਸਿੱਖਿਆ ਬਲਾਕ ਸ਼੍ਰੀ ਅਨੰਦਪੁਰ ਸਾਹਿਬ , ਜਿਲ੍ਹਾ ਰੂਪਨਗਰ ( ਪੰਜਾਬ ) ਗਾਈਡ ਅਧਿਆਪਕ ਮਾਸਟਰ ਸੰਜੀਵ ਧਰਮਾਣੀ



# ਪ੍ਰਕਾਸ਼ ਪੁਰਬ ਨੂੰ ਸਮਰਪਿਤ ਲਗਾਇਆ ਬੂਟਿਆਂ ਦਾ ਲੰਗਰ, ਵਾਤਾਵਰਨ ਨੂੰ ਸ਼ੁੱਧ ਰੱਖਣ ਦਾ ਦਿੱਤਾ ਸੁਨੇਹਾ

ਸ਼੍ਰੀ ਅਨੰਦਪੁਰ ਸਾਹਿਬ,(ਦਵਿੰਦਰਪਾਲ ਸਿੰਘ):- ਸਮਾਜ ਸੇਵਾ ਅਤੇ ਵਾਤਾਵਰਣ ਨੂੰ ਸਮਰਪਿਤ ਸੰਸਥਾ ਆਸਰਾ ਫਾਊਂਡੇਸ਼ਨ (ਰਜਿ:) ਸ਼੍ਰੀ ਅਨੰਦਪੁਰ ਸਾਹਿਬ ਵੱਲੋ ਅਲਾਇੰਸ ਕਲੱਬ ਇੰਟਰਨੈਸ਼ਨਲ ਦੇ ਸਹਿਯੋਗ ਨਾਲ ਧਰਤੀ ਨੂੰ ਹਰਿਆ ਭਰਿਆ ਰੱਖਣ ਦੇ ਮੰਤਵ ਨਾਲ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਥਾਨਕ ਭਗਤ ਰਵਿਦਾਸ ਚੋਂਕ ਵਿਖੇ ਬੂਟਿਆਂ ਦਾ ਲੰਗਰ ਲਗਾਇਆ ਗਿਆ।ਜਿਸ ਦੌਰਾਨ 350 ਦੇ ਕਰੀਬ ਵੱਖ ਵੱਖ ਤਰ੍ਹਾਂ ਦੇ ਛਾਂਦਾਰ ਅਤੇ ਫ਼ਲਦਾਰ ਬੂਟੇ ਵੰਡੇ ਗਏ। ਇਸ ਮੌਕੇ ਪੁੱਜੇ ਡਾ.ਹਰਦਿਆਲ ਸਿੰਘ ਪੰਨੂ (ਸਾਬਕਾ ਗਵਰਨਰ ਅਲਾਇੰਸ ਕਲੱਬ ਇੰਟਰਨੈਸ਼ਨਲ) ਨੇ ਜਿੱਥੇ ਸੰਸਥਾ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਉਥੇ ਹੀ ਉਹਨਾਂ ਕਿਹਾ ਕਿ ਅੱਜ ਦੇ ਸਮੇਂ ਵਿਚ ਇਹੋ ਜਿਹੇ ਉਪਰਾਲਿਆਂ ਦੀ ਵੱਡੀ ਲੋੜ ਹੈ। ਜਿੱਥੇ ਵਾਤਾਵਰਨ ਪ੍ਰਦੂਸ਼ਿਤ ਹੋ ਰਿਹਾ ਹੈ ਉਥੇ ਹੀ ਇਹੋ ਜਿਹੇ ਉਪਰਾਲੇ ਵਾਤਾਵਰਨ ਦੀ ਸ਼ੁੱਧਤਾ ਵਿਚ ਆਪਣਾ ਕੀਮਤੀ ਯੋਗਦਾਨ ਵੀ ਪਾ ਰਹੇ ਹਨ। ਇਸ ਮੌਕੇ ਵਿਸ਼ੇਸ਼ ਤੋਰ ਤੇ ਪਹੁੰਚੇ ਇੰਦਰਜੀਤ ਸਿੰਘ ਅਰੋੜਾ ਪ੍ਰਧਾਨ ਵਪਾਰ ਮੰਡਲ, ਮੋਹਣ ਸਿੰਘ ਭਸੀਨ ਕਾਂਗਰਸੀ ਆਗੂ, ਰਣਵੀਰ ਸਿੰਘ ਸੈਣੀ ਸੀਨੀਅਰ ਕੁਆਰਡੀਨੇਟਰ ਸ੍ਰੀ ਦਸਮੇਸ਼ ਅਕੈਡਮੀ ਆਦਿ ਵਲੋਂ ਵੀ ਸੰਸਥਾ ਦੇ ਇਸ ਉਪਰਾਲੇ ਦੀ ਪੁਰਜ਼ੋਰ ਸ਼ਲਾਘਾ ਕੀਤੀ ਗਈ।

ਇਸ ਮੌਕੇ ਆਸਰਾ ਫਾਊਂਡੇਸ਼ਨ ਦੇ ਪ੍ਰਧਾਨ ਮਾ.ਸੰਜੀਵ ਧਰਮਾਣੀ ਅਤੇ ਅਲਾਇੰਸ ਕਲੱਬ ਇੰਟਰਨੈਸ਼ਨਲ ਦੇ ਪ੍ਰਧਾਨ ਦਵਿੰਦਰਪਾਲ




ਸਿੰਘ ਨੇ ਦੱਸਿਆ ਕਿ ਆਸਰਾ ਫਾਊਂਡੇਸ਼ਨ ਅਤੇ ਅਲਾਇੰਸ ਕਲੱਬ ਇੰਟਰਨੈਸ਼ਨਲ ਵਲੋਂ ਧਰਤੀ ਨੂੰ ਹਰਿਆ ਭਰਿਆ ਰੱਖਣ ਦੇ ਲਈ ਚਲਾਈ ਗਈ ਮੁਹਿੰਮ ਤਹਿਤ ਅੱਜ ਲੋਕਾਂ ਨੂੰ 350 ਦੇ ਕਰੀਬ ਫਲਦਾਰ, ਛਾਂਦਾਰ ਅਤੇ ਵੱਖ ਵੱਖ ਕਿਸਮਾਂ ਦੇ ਬੂਟੇ ਵੰਡੇ ਗਏ ਅਤੇ ਲੋਕਾ ਨੂੰ ਵਾਤਾਵਰਨ ਸ਼ੁੱਧ ਬਣਾਉਣ ਲਈ ਆਪਣਾ ਯੋਗਦਾਨ ਪਾਉਣ ਲਈ ਪ੍ਰੇਰਿਤ ਵੀ ਕੀਤਾ ਗਿਆ। ਇਸ ਮੌਕੇ ਆਸਰਾ ਫਾਊਂਡੇਸ਼ਨ ਦੇ ਚੇਅਰਮੈਨ ਨਵੀਨ ਕੁਮਾਰ, ਸਕੱਤਰ ਅੰਕੁਸ਼ ਕੁਮਾਰ, ਖਜਾਨਚੀ ਅਜੇ ਕੁਮਾਰ, ਅਲਾਇੰਸ ਕਲੱਬ ਦੇ ਸਕੱਤਰ ਜਸਵਿੰਦਰ ਸਿੰਘ ਰਤਨ, ਰਾਜ ਕੁਮਾਰ, ਗੁਰਪ੍ਰੀਤਮ ਸਿੰਘ, ਆਤਮਾ ਸਿੰਘ ਘੱਟੀਵਾਲ, ਡਾ.ਮਨਦੀਪ ਸਿੰਘ, ਸਤਿੰਦਰਪਾਲ ਸਿੰਘ, ਇੰਦਰਪ੍ਰੀਤ ਸਿੰਘ, ਜਸਦੀਪ ਸਿੰਘ ਧਾਰੀਵਾਲ, ਗੁਰਪ੍ਰੀਤ ਸਿੰਘ, ਅਮਰਜੀਤ ਸਿੰਘ ਧਾਮੀ, ਧੀਰਜ ਘਈ, ਦੁਰੋਹੀਂਨ ਘਈ, ਹਰਕਰਨ ਸਿੰਘ, ਸੰਜੇ ਮਹਾਜਨ, ਹਰਿੰਦਰ ਸਿੰਘ ਵਾਲੀਆ, ਧਰਮ ਸਿੰਘ ਵਿਰਦੀ, ਰਾਜੇਸ਼ ਕੁਮਾਰ, ਦਰਸ਼ਨ ਸਿੰਘ ਆਦਿ ਹਾਜ਼ਰ ਸਨ।

# ਲਾਇਨਜ਼ ਕਲੱਬ ਸ਼ੇਰਪੁਰ ਨੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਅਤੇ ਗੁਰਦੁਆਰਾ ਸ਼੍ਰੀ ਅਕਾਲ ਪ੍ਰਕਾਸ਼ ਸਾਹਿਬ ਚ ਬੂਟੇ ਲਗਾਏ

ਸ਼ੇਰਪੁਰ, (ਸੱਤਪਾਲ ਸਿੰਘ ਕਾਲਾਬੂਲਾ ) - ਇਲਾਕਾ ਸ਼ੇਰਪੁਰ ਦੀ ਪ੍ਰਸਿੱਧ ਸਮਾਜ ਸੇਵੀ ਸੰਸਥਾ ਲਾਇਨਜ਼ ਕਲੱਬ ਸ਼ੇਰਪੁਰ ਵੱਲੋਂ ਨਵੇਂ ਚੁਣੇ ਪ੍ਰਧਾਨ ਪਵਿੱਤਰ ਸਿੰਘ ਸਾਬਕਾ ਸਰਪੰਚ ਦੀਦਾਰਗੜ੍ਹ ਦੇ ਤਾਜਪੋਸੀ ਸਮਾਗਮ ਤੋਂ ਉਪਰੰਤ ਗੁਰਦੁਆਰਾ ਸ੍ਰੀ ਅਕਾਲ ਪ੍ਰਕਾਸ਼ ਸਾਹਿਬ ਸ਼ੇਰਪੁਰ ਵਿਖੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ ਗਏ। ਭੋਗ ਉਪਰੰਤ ਗੁਰਦੁਆਰਾ ਸ੍ਰੀ ਅਕਾਲ ਪ੍ਰਕਾਸ਼ ਸਾਹਿਬ ਵਿਖੇ




ਫੁੱਲਦਾਰ, ਫਲਦਾਰ ਅਤੇ ਛਾਂਦਾਰ ਬੂਟੇ ਲਗਾਏ ਗਏ। ਇਸ ਮੌਕੇ ਕਲੱਬ ਦੇ ਪ੍ਰੋਜੈਕਟ ਚੇਅਰਮੈਨ ਬਲਜਿੰਦਰ ਸਿੰਘ ਬਿੱਟੂ ਨੇ ਦੱਸਿਆ ਕਿ ਆਉਣ ਵਾਲੇ ਦਿਨਾਂ ਵਿੱਚ ਕਲੱਬ ਵੱਲੋਂ ਵੱਖ-ਵੱਖ ਗਤੀਵਿਧੀਆਂ ਕਰਵਾਉਣ ਲਈ ਸਰਬ ਸੰਮਤੀ ਨਾਲ ਫੈਸਲਾ ਕੀਤਾ ਗਿਆ ਹੈ ਜਿਸ ਵਿੱਚ ਅੱਖਾਂ ਦਾ ਮੁਫਤ ਚੈਕਅਪ ਅਤੇ ਅਪ੍ਰੇਸ਼ਨ ਕੈਂਪ ਲਗਾਉਣਾ ਅਹਿਮ ਪ੍ਰੋਜੈਕਟ ਹੋਵੇਗਾ। ਇਸ ਸਮੇਂ ਪ੍ਰਧਾਨ ਲਾਇਨ ਪਵਿੱਤਰ ਸਿੰਘ ਸਾਬਕਾ ਸਰਪੰਚ, ਖਜਾਨਚੀ ਲਾਇਨ ਸੰਜੇ ਸਿੰਗਲਾ, ਸੈਕਟਰੀ ਲਾਇਨ ਹਰਪ੍ਰੀਤ ਸਿੰਘ ਖੀਪਲ, ਗੁਰਦੁਆਰਾ ਸ੍ਰੀ ਅਕਾਲ ਪ੍ਰਕਾਸ਼ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਣਜੀਤ ਸਿੰਘ, ਸੱਕਤਰ ਸੁਖਮਿੰਦਰ ਸਿੰਘ ਧਾਲੀਵਾਲ,ਸਟੋਰ ਕੀਪਰ ਮਨਜੀਤ ਸਿੰਘ ਚੀਮਾ ,ਬਾਬਾ ਸੁਰਜੀਤ ਸਿੰਘ ਗਿੰਥੀ ,ਪਰਮਜੀਤ ਸਿੰਘ ਸੇਵਾਦਾਰ, ਲਾਇਨਜ਼ ਕਲੱਬ ਸ਼ੇਰਪੁਰ ਦੇ ਸੀਨੀਅਰ ਮੀਤ ਪ੍ਰਧਾਨ ਵਿਜੈ ਕੁਮਾਰ ਸਿੰਗਲਾ, ਪਰਮਿੰਦਰ ਸਿੰਘ ਚਹਿਲ ਤੇ ਤੇਜਪਾਲ ਗੋਇਲ,ਰਕੇਸ਼ ਕੁਮਾਰ ਭੋਲਾ ਬੀ.ਕੇ.ਓ, ਚਮਕੌਰ ਸਿੰਘ ਆਸ਼ਟ, ਡਾਕਟਰ ਗੁਰਿੰਦਰ ਗੋਇਲ, ਡਾਕਟਰ ਸੁਰਿੰਦਰ ਗੋਇਲ, ਡਾਕਟਰ ਸੁਰਿੰਦਰ ਗਰਗ ਬਾਜਵਾ, ਡਾ. ਜਗਜੀਵਨ ਸਿੰਘ ਸ਼ੇਰਪੁਰ, ਸਾਬਕਾ ਮੈਨੇਜਰ ਜਸਵੰਤ ਸਿੰਘ ਥਿੰਦ, ਗੁਰਮੇਲ ਸਿੰਘ ਗਿੱਲ, ਹਰਵਿੰਦਰ ਸਿੰਘ ਸਰਾਂ, ਰਮੇਸ਼ ਕੁਮਾਰ ਹੈਪੀ,ਵਿਨੈ ਕੁਮਾਰ, ਕ੍ਰਿਸ਼ਨ ਚੰਦ ਬਿੱਟੂ,ਰਵੀ ਕੁਮਾਰ, ਪ੍ਰੇਮ ਕੁਮਾਰ ਜਿੰਦਲ, ਮੁਲਾਜ਼ਮ ਆਗੂ ਦਰਸ਼ਨ ਸਿੰਘ ਸ਼ੇਰਪੁਰੀ ਤੋਂ ਇਲਾਵਾ ਹੋਰ ਵੀ ਆਗੂ ਹਾਜ਼ਰ ਸਨ।

# ਮੁੱਹਲਾ ਡਿਵੈਲਪਮੈਂਟ ਕਮੇਟੀ ਭਗਤਪੁਰਾ ਵਲੋਂ ਸਿਹਤ ਵਿਭਾਗ ਦੀ ਟੀਮ ਦੇ ਸਹਿਯੋਗ ਨਾਲ ਡੇਂਗੂ ਤੋਂ ਬਚਾਅ ਲਈ ਲੋਕਾਂ ਨੂੰ ਕੀਤਾ ਗਿਆ ਜਾਗਰੂਕ

ਫਗਵਾੜਾ (ਜੋਵਨ ਸੱਘਾ) ਸਿਹਤ ਵਿਭਾਗ ਐਂਟੀ ਡੈਂਗੂ ਕੰਪੇਨ ਤਹਿਤ ਡੈਂਗੂ ਦੀ ਰੋਕਥਾਮ ਲਈ ਜਾਗਰੂਕਤਾ ਫੈਲਾਉਣ ਲਈ ਵੱਖ ਵੱਖ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ ਇਸ ਲੜੀ ਤਹਿਤ (ਐਨ ਜੀ ਓ) ਮੁੱਹਲਾ ਡਿਵੈਲਪਮੈਂਟ ਕਮੇਟੀ ਭਗਤਪੁਰਾ ਫਗਵਾੜਾ ਵਲੋ ਪ੍ਰਧਾਨ ਡਾ ਰਮਨ ਸ਼ਰਮਾ ਪ੍ਰਧਾਨਗੀ ਹੇਠ ਸਿਹਤ ਵਿਭਾਗ ਦੇ ਸਹਿਯੋਗ ਨਾਲ ਸਿਵਲ ਸਰਜਨ ਕਪੂਰਥਲਾ ਡਾ: ਸੁਰਿੰਦਰ ਪਾਲ ਕੌਰ ਦੇ ਹੁਕਮਾਂ ਹੇਠ ਡਾ ਨੰਦਿਤਾ ਖੁੱਲਰ ਜ਼ਿਲ੍ਹਾ ਐਪੀਡੀਮੋਲੋਜਿਸਟ ਦੀ ਅਗਵਾਈ ਵਿੱਚ ਸਿਹਤ ਟੀਮਾਂ ਆਪਣੇ ਆਪਣੇ ਏਰੀਏ ਵਿੱਚ ਜਾਗਰੂਕਤਾ ਸਰਵੇ ਕਰ ਰਹੀਆਂ ਹਨ ਸਿਵਲ ਹਸਪਤਾਲ ਫਗਵਾੜਾ ਦੇ ਐਸ.ਐਮ.ਓ. ਡਾ: ਲਹਿੰਬਰ ਰਾਮ ਦੀ ਯੋਗ ਰਹਿਨੁਮਾਈ ਅਤੇ ਨੋਡਲ ਅਫ਼ਸਰ ਡਾ ਦਰਸ਼ਨ ਬੱਧਨ ਦੀ ਸੁਚੱਜੀ ਦੇਖਰੇਖ ਹੇਠ ਸਿਹਤ ਕਰਮਚਾਰੀਆ ਵਲੋ ਇਲਾਕਾ ਭਗਤਪੁਰਾ , ਰਾਮਪੁਰਾ , ਪ੍ਰੀਤ ਨਗਰ , ਕੋਟਰਾਣੀ ਵਿਖੇ ਸਿਹਤ ਕਰਮਚਾਰੀਆਂ ਨੇ ਫੀਵਰ ਸਰਵੇ ਕੀਤਾ, ਪਾਣੀ ਦੇ ਸਰੋਤਾਂ ਵਿੱਚ ਲਾਰਵਾ ਚੈੱਕ ਕੀਤਾ, ਲੋਕਾਂ ਨੂੰ ਡੇਂਗੂ ਦੀ ਰੋਕਥਾਮ ਬਾਰੇ ਜਾਣਕਾਰੀ ਦਿੱਤੀ ਅਤੇ ਜਾਗਰੂਕਤਾ ਪੈਂਫਲਿਟ ਵੰਡੇ ਹੈਲਥ ਇੰਸਪੈਕਟਰ ਕੰਵਲਜੀਤ ਸਿੰਘ ਸੰਧੂ ਅਤੇ ਬਲਿਹਾਰ ਚੰਦ ਨੇ ਡੇਂਗੂ ਬੁਖਾਰ ਦੇ ਲੱਛਣਾ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਵਿੱਚ ਤੇਜ਼




ਬੁਖ਼ਾਰ ਤੇ ਸਿਰ ਦਰਦ, ਮਾਸਪੇਸ਼ੀਆਂ ਚ ਦਰਦ, ਚਮੜੀ ਤੇ ਦਾਣੇ, ਅੱਖਾਂ ਦੇ ਪਿਛਲੇ ਪਾਸੇ ਦਰਦ, ਮਸੂੜਿਆਂ ਤੇ ਨੱਕ ਵਿੱਚੋਂ ਖ਼ੂਨ ਵਗਣਾ ਆਦਿ ਇਸ ਦੇ ਲੱਛਣ ਹਨ। ਉਨ੍ਹਾਂ ਕਿਹਾ ਕਿ ਇੰਨ੍ਹਾਂ ਦਿਨਾਂ ਵਿੱਚ ਕੋਈ ਵੀ ਬੁਖਾਰ ਹੋਵੇ ਤਾਂ ਟੈਸਟ ਕਰਵਾ ਕੇ ਹੀ ਦਵਾਈ ਲਈ ਜਾਵੇ, ਘਰੇਲੂ ਨੁਸਖਿਆਂ ਤੋਂ ਪਰਹੇਜ਼ ਕੀਤਾ ਜਾਵੇ। ਇਸ ਬਿਮਾਰੀ ਦੇ ਟੈਸਟ, ਇਲਾਜ਼ ਅਤੇ ਦਵਾਈਆਂ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਮੁਫ਼ਤ ਉਪਲਬਧ ਹਨ ਕੰਵਲਜੀਤ ਸਿੰਘ ਸੰਧੂ ਨੇ ਕਿਹਾ ਕਿ ਡੇਂਗੂ ਤੋਂ ਬੱਚਣ ਲਈ ਹਫ਼ਤੇ ਵਿੱਚ ਇਕ ਵਾਰ ਕੂਲਰਾਂ ਦਾ ਪਾਣੀ ਪੂਰੀ ਤਰਾਂ ਕੱਢ ਕੇ, ਸਾਫ ਕਰਕੇ ਫਿਰ ਪਾਣੀ ਭਰਿਆ ਜਾਵੇ ਅਤੇ ਵਾਧੂ ਪਏ ਬਰਤਨਾਂ, ਟਾਇਰਾਂ, ਗਮਲਿਆਂ, ਡਰੰਮਾਂ ਆਦਿ ਵਿੱਚ ਪਾਣੀ ਇੱਕਠਾ ਨਾ ਹੋਣ ਦਿੱਤਾ ਜਾਵੇ। ਛੱਤਾਂ ਤੇ ਲੱਗੀਆਂ ਪਾਣੀ ਦੀ ਟੈਂਕੀਆਂ ਦੇ ਢੱਕਣ ਚੰਗੀ ਤਰ੍ਹਾਂ ਨਾਲ ਲੱਗੇ ਹੋਣ। ਘਰਾਂ, ਦਫ਼ਤਰਾ ਦੇ ਆਲੇ- ਦੁਆਲੇ ਤੇ ਛੱਤਾਂ ਤੇ ਪਾਣੀ ਖੜ੍ਹਾ ਨਾ ਹੋਣ ਦਿੱਤਾ ਜਾਵੇ। ਮੱਛਰਾਂ ਤੋਂ ਬਚਣ ਲਈ ਮੱਛਰਦਾਨੀਆਂ ਅਤੇ ਪੂਰੀਆਂ ਬਾਹਵਾਂ ਦੇ ਕੱਪੜਿਆ ਦਾ ਪ੍ਰਯੋਗ ਕੀਤਾ ਜਾਵੇ। ਲੋਕਾਂ ਵੱਲੋਂ ਘਰਾਂ ਵਿੱਚ ਮੱਛਰਾਂ ਤੋਂ ਬਚਣ ਲਈ ਆਲ-ਆਊਟ, ਆਦਿ ਦਾ ਪ੍ਰਯੋਗ ਕੀਤਾ ਜਾਵੇ ਇਸ ਮੌਕੇ ਡਾ ਰਮਨ, ਨਿਤਿਸ਼ ਗਨਾਤਰਾ , ਸਿੰਕਦਰ ਕਨੋਜੀਆ , ਨਰਿੰਦਰ ਪਾਲ ਸਿੰਘ ਮਾਹੀ , ਮੁਕੇਸ਼ , ਐਮ ਪੀ ਐਚ ਡਬਲਯੂ ਗੁਰਿੰਦਰ ਸਿੰਘ, ਬ੍ਰਿਡਿੰਗ ਚੈਕਰ ਸੁਨੀਲ , ਰਮਨਦੀਪ ਸਿੰਘ , ਰਜਿੰਦਰ ਕੁਮਾਰ , ਮਨੀਸ਼ , ਅਜੀਤ ਰਾਮ , ਡਿੰਪਲ ਕੁਮਾਰ , ਮਨੀ ਕੁਮਾਰ ਆਦਿ ਮੌਜੂਦ ਸਨ

# ਪੁਲਿਸ ਦੀ ਮੁਸਤੈਦੀ ਕਾਰਨ ਰਾਹਗੀਰਾਂ ਨੂੰ ਮਿਲਣ ਲੱਗਿਆ ਸੜਕਾਂ ਤੇ ਸੁੱਖ ਦਾ ਸਾਹ

## ਹੁੱਲੜਬਾਜਾਂ ਤੇ ਵੀ ਜਲਦ ਕਸਿਆ ਜਾਵੇਗਾ ਸ਼ਿਕੰਜਾ: ਐਸਐਚਓ ਸ਼ੇਰਪੁਰ

ਸ਼ੇਰਪੁਰ (ਸੱਤਪਾਲ ਸਿੰਘ ਕਾਲਾਬੂਲਾ) ਥਾਣਾ ਸ਼ੇਰਪੁਰ ਵਿਖੇ ਆਏ ਨਵੇਂ ਐਸਐਚਓ ਸਬ ਇੰਸਪੈਕਟਰ ਗੁਰਪਾਲ ਸਿੰਘ ਹੁਰਾਂ ਨੇ ਜਿਲ੍ਹਾ ਪੁਲਿਸ ਮੁਖੀ ਸਰਤਾਜ ਸਿੰਘ ਚਾਹਲ ਅਤੇ ਸਬ ਡਿਵੀਜ਼ਨ ਧੂਰੀ ਦੇ ਡੀਐਸਪੀ ਤਲਵਿੰਦਰ ਸਿੰਘ ਗਿੱਲ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਕਸਬਾ ਸ਼ੇਰਪੁਰ ਦੀ ਲੀਹੋਂ ਲੱਥ ਚੁੱਕੀ ਟਰੈਫਿਕ ਸਮੱਸਿਆ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਵਿੱਢੀ ਮਹਿਮ ਤਹਿਤ ਅੱਜ ਦੂਜੇ ਦਿਨ ਵੀ ਰਾਹਗੀਰਾਂ ਨੂੰ ਸੁੱਖ ਦਾ ਸਾਂਹ ਮਿਲਿਆ। ਕਿਉਂਕਿ ਪ੍ਰਸ਼ਾਸਨ ਨੇ ਆਪਣੀ ਚੌਕਸੀ ਦਿਖਾਉਂਦੇ ਹੋਏ ਦੁਕਾਨਦਾਰਾਂ ਨੂੰ ਆਪਣਾ ਸਮਾਨ ਆਪਣੀ ਹਦੂਦ ਅੰਦਰ ਰੱਖਣ ਦੀ ਮੁੜ ਅਪੀਲ ਕੀਤੀ। ਦੇਖਣ ਵਿੱਚ ਆਇਆ ਹੈ ਕਿ ਸੜਕਾਂ ਉੱਪਰ ਰਹਿੰਦਾ ਭੀੜ ਭੜੱਕਾ ਹੁਣ ਕਿਧਰੇ ਨਜ਼ਰ ਨਹੀਂ ਆ ਰਿਹਾ। ਖਾਸਕਰ ਦੁਕਨਦਾਰ ਵੀ ਪ੍ਰਸ਼ਾਸਨ ਦਾ ਸਾਥ ਦਿੰਦੇ ਦੇਖੇ ਗਏ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਥਾਣਾ ਸ਼ੇਰਪੁਰ ਦੇ ਪੁਲਿਸ ਮੁਖੀ ਐਸਐਚਓ ਗੁਰਪਾਲ ਸਿੰਘ ਨੇ ਕਿਹਾ ਹੈ ਕਿ ਕਸਬੇ ਅੰਦਰ ਦਿਨੋ ਦਿਨ ਵਿਗੜ ਰਹੀ




ਟਰੈਫਿਕ ਦੀ ਸਮੱਸਿਆ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਦੁਕਾਨਦਾਰ ਵੀਰਾਂ ਦਾ ਸਾਥ ਬੇਹੱਦ ਜ਼ਰੂਰੀ ਹੈ। ਕਿਉਂਕਿ ਦੇਖਣ ਵਿੱਚ ਆ ਰਿਹਾ ਹੈ ਕਿ ਜਿਆਦਾਤਰ ਗਾਹਕ ਹੀ ਆਪਣੇ ਵਾਹਨਾਂ ਨੂੰ ਸੜਕਾਂ ਉੱਪਰ ਖੜਾ ਕਰਕੇ ਛੱਡ ਜਾਂਦੇ ਹਨ ਜਿਸ ਕਰਕੇ ਟਰੈਫਿਕ ਜਾਮ ਹੋ ਜਾਂਦੀ ਹੈ। ਉਹਨਾਂ ਕਿਹਾ ਕਿ ਤੇਜ ਰਫਤਾਰ ਵਹੀਕਲਾਂ ਉੱਤੇ ਹੁੱਲੜਬਾਜੀ ਕਰਨ ਵਾਲੇ ਮਨ ਚਲਿਆਂ ਦੀਆਂ ਲਗਾਤਾਰ ਸ਼ਿਕਾਇਤਾਂ ਆ ਰਹੀਆਂ ਹਨ। ਜੇਕਰ ਉਹ ਆਪਣੀਆਂ ਹਰਕਤਾਂ ਤੋਂ ਬਾਜ ਨਾ ਆਏ ਤਾਂ ਉਹਨਾਂ ਖਿਲਾਫ ਸਖਤ ਕਾਰਵਾਈ ਕਰਨ ਤੋਂ ਗਰੇਜ ਨਹੀਂ ਕੀਤਾ ਜਾਵੇਗਾ। ਉਨਾਂ ਇਹ ਵੀ ਦੱਸਿਆ ਕਿ ਉਹਨਾਂ ਕੋਲ ਵੱਖ ਸਮਾਜ ਸੇਵੀ ਜਥੇਬੰਦੀਆਂ ਵੱਲੋਂ ਸੁਝਾਅ ਆਏ ਹਨ ਕਿ 50 ਫੁੱਟੀ ਰੋਡ ਉੱਪਰ ਹੁੰਦੇ ਲੜਾਈ ਦਿਨੋ ਦਿਨ ਵਧ ਰਹੇ ਹਨ। ਜਿਨਾਂ ਨੂੰ ਰੋਕਣ ਲਈ ਵੀ ਪੁਲਿਸ ਸਖਤ ਕਦਮ ਚੁੱਕਣ ਜਾ ਰਹੀ ਹੈ। ਐਸਐਚਓ ਗੁਰਪਾਲ ਸਿੰਘ ਨੇ ਅੱਗੇ ਕਿਹਾ ਕਿ ਉੱਚੀ ਆਵਾਜ਼ ਵਿੱਚ ਟਰੈਕਟਰਾਂ ਅਤੇ ਹੋਰ ਵਾਹਨਾਂ ਉੱਤੇ ਗੀਤਾਂ ਜੋ ਸੋਰ ਪ੍ਰਦੂਸ਼ਣ ਦਾ ਹਿੱਸਾ ਹਨ, ਨੂੰ ਬੰਦ ਕਰਵਾਉਣ ਲਈ ਵੀ ਯੋਜਨਾ ਤਿਆਰ ਕੀਤੀ ਜਾ ਰਹੀ ਹੈ। ਅੰਤ ਵਿੱਚ ਉਹਨਾਂ ਕਿਹਾ ਕਿ ਜੇਕਰ ਸ਼ੇਰਪੁਰ ਇਲਾਕੇ ਦੇ ਲੋਕਾਂ ਅਤੇ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਨੇ ਉਹਨਾਂ ਦਾ ਪੂਰਨ ਸਾਥ ਦਿੱਤਾ ਤਾਂ ਕਸਬੇ ਅੰਦਰੋਂ ਸਮਾਜਿਕ ਬੁਰਾਈਆਂ ਨੂੰ ਜੜੋਂ ਪੁੱਟਣ ਵਿੱਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾਵੇਗੀ।

## HAPPY BIRTHDAY




THAKUR JAIVARDHAN SINGH SALARIA
DINANAGAR

# ਅੱਜ ਵੀ ਨਾ ਸੰਭਲੇ ਤਾਂ ਆਉਣ ਵਾਲੀਆਂ ਪੀੜੀਆਂ ਨਹੀਂ ਕਰਨਗੀਆਂ ਮਾਫ-ਵੜੈਚ,ਡਾ.ਚਾਵਲਾ,ਸੁਮਨ

## ਏਕਨੂਰ ਸੇਵਾ ਟਰੱਸਟ ਨੇ ਸ਼ਿਵਪੁਰੀ ਤੁੰਗਬਾਲਾ ਵਿੱਚ ਲਗਾਏ ਪੌਦੇ

ਅੰਮ੍ਰਿਤਸਰ (ਪਵਿੱਤਰਜੋਤ)- ਇੱਕ ਰੁੱਖ ਸੋ ਸੁਖ, ਜਲ ਹੈ ਤਾਂ ਕੱਲ ਹੈ ਦੇ ਨਾਅਰੇ ਲਗਾਉਂਦੇ ਹੋਏ ਆਉਣ ਵਾਲੇ ਸਮੇਂ ਦੇ ਦੌਰਾਨ ਪਾਣੀ ਨੂੰ ਲੈ ਕੇ ਆਉਣ ਵਾਲੀਆਂ ਮੁਸ਼ਕਿਲਾਂ ਨੂੰ ਦੇਖਦਿਆਂ ਏਕਨੂਰ ਸੇਵਾ ਟੱਰਸਟ ਵੱਲੋਂ ਲਗਾਤਾਰ ਪੌਦੇ ਲਗਾਉਣ ਦੀ ਸੇਵਾ ਕੀਤੀ ਜਾ ਰਹੀ ਹੈ। ਜਿਸ ਦੀ ਲੜੀ ਦੇ ਚੱਲਦਿਆਂ ਸ਼ਿਵਪੁਰੀ ਤੁੰਗਬਾਲਾ,ਮਜੀਠਾ ਰੋਡ, ਇੰਦਰਾ ਕਲੋਨੀ ਮੇਨ ਰੋਡ ਸਮੇਤ ਆਸ ਪਾਸ ਦੇ ਇਲਾਕਿਆਂ ਵਿੱਚ ਵੱਖ ਵੱਖ ਕਿਸਮਾਂ ਦੇ ਕਰੀਬ 100 ਪੌਦੇ ਲਗਾਏ ਗਏ। ਸੰਸਥਾਵਾਂ ਦੇ ਟੀਮ ਸਾਥੀਆਂ ਨੇ ਪੌਦੇ ਲਗਾਉਂਦੇ ਨਾਲ ਨਾਲ ਉਹਨਾਂ ਦੀ ਸੰਭਾਲ ਕਰਨ ਦਾ ਵੀ ਸੰਕਲਪ ਲਿਆ।

ਪੌਦੇ ਰੋਪਨ ਦੇ ਦੌਰਾਨ ਪ੍ਰਧਾਨ ਅਰਵਿੰਦਰ ਵੜੈਚ, ਚੇਅਰਮੈਨ ਡਾ.ਨਰਿੰਦਰ ਚਾਵਲਾ,ਹਲਕਾ ਸੈਂਟਰਲ ਭਾਜਪਾ ਦੇ ਇੰਚਾਰਜ ਡਾ.ਰਾਮ ਚਾਵਲਾ,ਰਜੇਸ਼ ਸਿੰਘ ਜੋੜਾ, ਜਤਿੰਦਰ ਅਰੋੜਾ,ਪੰਡਿਤ ਸੁਮਨ ਕੁਮਾਰ ਨੇ ਸਾਂਝੇ ਬਿਆਨ ਦੇ ਵਿੱਚ ਕਿਹਾ ਕਿ ਜਮੀਨ ਤੋਂ ਹੇਠਾਂ ਪਾਣੀ ਦਾ ਡਿੱਗਦਾ ਮਿਆਰ ਇੱਕ ਚਿੰਤਾ ਦਾ ਵਿਸ਼ਾ ਹੈ। ਅਗਰ ਇੰਸਾਨ ਅੱਜ ਵੀ ਨਾ ਜਾਗਿਆ ਤਾਂ ਆਉਣ ਵਾਲੀਆਂ ਪੀੜੀਆਂ ਨੂੰ ਦੋ ਘੁੱਟ ਪਾਣੀ ਦੀ ਪਿਆਸ ਬੁਝਾਉਣਾ ਵੀ ਮੁਸ਼ਕਿਲ ਹੋ ਸਕਦਾ ਹੈ। ਪਾਣੀ ਅਤੇ ਪੌਦਿਆਂ ਦੀ ਸੰਭਾਲ ਨਾ ਕੀਤੀ ਤਾਂ ਆਉਣ ਵਾਲੀ ਪੀੜੀ ਸਾਨੂੰ ਮਾਫ ਨਹੀਂ ਕਰੇਗੀ। ਜਿਸ ਦੇ ਚੱਲਦਿਆਂ ਵੱਖ-ਵੱਖ ਸੰਸਥਾਵਾਂ ਦੇ ਵੱਲੋਂ ਪੌਦੇ ਲਗਾਉਣ ਦੀ ਆਰੰਭੀ ਮੁਹਿੰਮ ਇੱਕ ਸਰਾਣਾਯੋਗ ਕੰਮ ਹਨ। ਖਾਸ ਕਰਕੇ ਇਸ ਸਬੰਧੀ ਨੌਜਵਾਨ ਵਰਗ ਦਾ ਐਕਟਿਵ ਹੋਣਾ ਇੱਕ ਖੁਸ਼ੀ ਦੀ ਗੱਲ ਹੈ। ਜੋ ਲੋਕ ਅੱਜ ਵੀ ਪਾਣੀ ਅਤੇ ਰੁੱਖਾਂ ਨੂੰ ਨਜ਼ਰ ਅੰਦਾਜ਼ ਕਰ ਰਹੇ ਹਨ ਉਹਨਾਂ ਲਈ ਬਹੁਤ ਮਾੜੀ ਗੱਲ ਹੈ। ਉਹਨਾਂ ਨੇ ਕਿਹਾ ਕਿ ਸੰਸਥਾ ਵੱਲੋਂ ਪੌਦੇ ਲਗਾਉਣ ਦੀ ਸੇਵਾ ਲਗਾਤਾਰ ਜਾਰੀ ਰੱਖੀ ਜਾਵੇਗੀ।

ਪ੍ਰਧਾਨ ਅਰਵਿੰਦਰ ਵੜੈਚ ਨੇ ਕਿਹਾ ਕਿ ਸਾਡੇ ਗੁਰੂਆਂ ਸਾਹਿਬਾਨ,ਪੀਰ-ਪੈਗੰਬਰ, ਸੂਝਵਾਨ ਵਿਅਕਤੀਆਂ ਨੇ ਕਈ ਕਈ ਸਾਲ ਪਹਿਲਾਂ ਤੋਂ ਹੀ ਰੁੱਖ-ਕੁੱਖ ਅਤੇ ਪਾਣੀ ਨੂੰ ਬਚਾਉਣ ਦਾ ਸੰਦੇਸ਼ ਦਿੱਤਾ। ਗੁਰੂ ਬਾਣੀ ਵਿੱਚ ਵੀ ਹਵਾ ਪਾਣੀ ਅਤੇ ਧਰਤੀ ਨੂੰ ਸਨਮਾਨਯੋਗ ਸਥਾਨ ਦਿੱਤਾ ਜਾਂਦਾ ਹੈ। ਰੁੱਖ ਅਤੇ ਕੁੱਖ ਦੀ ਸੰਭਾਲ ਨੂੰ ਲੈ ਕੇ ਪਿੰਗਲਵਾੜਾ ਦੇ ਸੰਸਥਾਪਕ ਭਗਤ ਪੂਰਨ ਸਿੰਘ ਜੀ ਨੇ ਵੀ ਲੋਕਾਂ ਨੂੰ ਜਾਗਰੂਕ ਕਰਨ ਦੇ ਵਿੱਚ ਕੋਈ ਵੀ ਕਸਰ ਬਾਕੀ ਨਹੀਂ ਛੱਡੀ ਸੀ। ਪਰ ਇੰਸਾਨ ਨੇ ਇਹਨਾਂ ਚੀਜ਼ਾਂ ਵੱਲ ਖਾਸ ਧਿਆਨ ਨਹੀਂ ਦਿੱਤਾ, ਜਿਸ ਦੇ ਅੱਜ ਮਾੜੇ ਨਤੀਜੇ ਨਜ਼ਰ ਆਉਣੇ ਸ਼ੁਰੂ ਹੋ ਚੁੱਕੇ ਹਨ। ਆਉਣ ਵਾਲੀਆਂ ਪੀੜੀਆਂ ਦੀਆਂ ਜਿੰਦਗੀਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਾਨੂੰ ਸਾਰਿਆਂ ਨੂੰ ਇੱਕਜੁੱਟ ਹੋ ਕੇ ਵੱਧ ਤੋਂ ਵੱਧ ਪੌਦੇ ਲਗਾਉਂਦਿਆਂ ਉਹਨਾਂ ਦੀ ਸੰਭਾਲ ਕਰਨੀ ਚਾਹੀਦੀ ਹੈ।




ਵੜੈਚ ਨੇ ਸੰਸਥਾ ਸੇਵਾ ਪਰਮੋਧਰਮ ਅਤੇ ਭਾਰਤ ਵਿਕਾਸ ਮੰਚ ਵੱਲੋਂ ਸਹਿਯੋਗ ਦੇਣ ਤੇ ਵੀ ਧੰਨਵਾਦ ਕੀਤਾ। ਇਸ ਮੌਕੇ ਤੇ ਲਵਲੀਨ ਵੜੈਚ, ਅਮਿਤਾ ਸ਼ਰਮਾ,ਸ਼ੈਲੀ ਸ਼ਰਮਾ, ਸੰਦੀਪ ਸ਼ਰਮਾ,ਕੰਵਲਜੀਤ ਸਿੰਘ ਬੱਲਰਾਇਲ ਰਾਜ ਸਿੰਘ,ਰਮੇਸ਼ ਚੋਪੜਾ,ਜਤਿੰਦਰ ਮੰਗਹੋਤਰਾ,ਰੰਜਨ ਸ਼ਰਮਾ, ਰਣਧੀਰ ਸਿੰਘ,ਪਵਿੱਤਰਜੋਤ ਵੜੈਚ,ਵਿਨੇ ਅਰੋੜਾ,ਲਖਬੀਰ ਸਿੰਘ,ਰਮਨ ਕੁਮਾਰ ਬਿੱਟਾ,ਕਾਕਾ,ਰਮੇਸ਼ ਕੁਮਾਰ,ਦੀਪੂ,ਵਿੱਕੀ,ਜਸਬੀਰ ਪੱਪੂ,ਵਿਸ਼ੂ,ਰਾਜ ਕੁਮਾਰ ਬਾਬਾ ਵੀ ਮੌਜੂਦ ਸਨ

# ਮੁਹੱਰਮ, ਕਰਬਲਾ ਦੇ ਸ਼ਹੀਦਾਂ ਨੂੰ ਯਾਦ ਕਰਨ ਦਾ ਦਿਨ, ਸ਼ਹਾਦਤ ਦੀ ਅਦੁੱਤੀ ਮਿਸਾਲ

ਅੱਜ ਦੇ ਦਿਨ ਪੈਗੰਬਰ-ਏ-ਇਸਲਾਮ ਹਜ਼ਰਤ ਮੁਹੰਮਦ ਦੇ ਪੋਤੇ ਹਜ਼ਰਤ ਇਮਾਮ ਹੁਸੈਨ ਨੂੰ ਕਰਬਲਾ ਦੀ ਲੜਾਈ ਵਿੱਚ ਉਨ੍ਹਾਂ ਦੇ ਪਰਿਵਾਰ ਅਤੇ ਦੋਸਤਾਂ ਸਮੇਤ ਕਤਲ ਕਰ ਦਿੱਤਾ ਗਿਆ ਸੀ। ਉਸਨੇ ਇਸਲਾਮ ਦੀ ਰੱਖਿਆ ਲਈ ਆਪਣੀ ਜਾਨ ਕੁਰਬਾਨ ਕਰਕੇ ਇਸਲਾਮ ਧਰਮ ਨੂੰ ਨਵਾਂ ਜੀਵਨ ਦਿੱਤਾ।

,

ਮੁਹੱਰਮ ਇਸਲਾਮ ਦਾ ਇੱਕ ਪ੍ਰਮੁੱਖ ਤਿਉਹਾਰ ਹੈ, ਜਿਸ ਵਿੱਚ ਦਸ ਦਿਨ ਇਮਾਮ ਹੁਸੈਨ ਦੇ ਸੋਗ ਵਿੱਚ ਮਨਾਇਆ ਜਾਂਦਾ ਹੈ। ਜਿਸ ਨੂੰ ਦੁੱਖ ਦਾ ਮਹੀਨਾ ਵੀ ਕਿਹਾ ਜਾਂਦਾ ਹੈ। ਇਸ ਦਿਨ ਨੂੰ ਰੋਜ਼-ਏ-ਅਸ਼ੂਰਾ ਵੀ ਕਿਹਾ ਜਾਂਦਾ ਹੈ। ਤਾਜੀਆ (ਸੋਗ ਜਲੂਸ) ਸੜਕਾਂ ਤੇ ਕੱਢਿਆ ਜਾਂਦਾ ਹੈ।

ਸ਼ਹਾਦਤ ਦੀ ਅਦੁੱਤੀ ਮਿਸਾਲ ਵਾਲਾ ਇਹ ਮੋਹਰਮ ਕਰਬਲਾ ਦੇ ਸ਼ਹੀਦਾਂ ਨੂੰ ਯਾਦ ਕਰਨ ਦਾ ਦਿਨ ਵੀ ਹੈ। ਜੇਕਰ ਮੋਹਰਮ ਦੇ ਪੂਰੇ ਮਹੀਨੇ ਦੀ ਗੱਲ ਕਰੀਏ ਤਾਂ ਇਸ ਮਹੀਨੇ ਵਿੱਚ ਮੁਸਲਮਾਨਾਂ ਦੇ ਸਤਿਕਾਰਯੋਗ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ, ਮੁਸਤਫਾ ਸੱਲ੍ਹਾਹੂ ਅਲੈਹ ਅਤੇ ਅਲੀਹੀ ਵਸੱਲਮ ਨੇ ਪਵਿੱਤਰ ਮੱਕਾ ਤੋਂ ਪਵਿੱਤਰ ਸ਼ਹਿਰ ਮਦੀਨਾ ਵੱਲ ਕੂਚ ਕੀਤਾ ਸੀ। ਇਸ ਪੂਰੇ ਮਹੀਨੇ ਦਾ ਸਭ ਤੋਂ ਮਹੱਤਵਪੂਰਨ ਦਿਨ 10 ਮੁਹੱਰਮ ਹੈ, ਜੋ ਅੱਜ ਯਾਨੀ 17 ਜੁਲਾਈ ਨੂੰ ਮਨਾਇਆ ਜਾ ਰਿਹਾ ਹੈ।

ਅੱਜ ਦੇ ਦਿਨ 680 ਈ: ਵਿਚ ਪੈਗੰਬਰ-ਏ-ਇਸਲਾਮ ਹਜ਼ਰਤ ਮੁਹੰਮਦ ਦੇ ਪੋਤੇ ਹਜ਼ਰਤ ਇਮਾਮ ਹੁਸੈਨ ਨੂੰ ਕਰਬਲਾ ਦੀ ਲੜਾਈ ਵਿਚ ਉਨ੍ਹਾਂ ਦੇ ਪਰਿਵਾਰ ਅਤੇ ਦੋਸਤਾਂ ਸਮੇਤ ਕਤਲ ਕਰ ਦਿੱਤਾ ਗਿਆ ਸੀ। ਮੰਨਿਆ ਜਾਂਦਾ ਹੈ ਕਿ ਉਸਨੇ ਇਸਲਾਮ ਦੀ ਰੱਖਿਆ ਲਈ ਆਪਣੀ ਜਾਨ ਦੇ ਦਿੱਤੀ ਸੀ। ਇਸ ਦਿਨ ਪੈਗੰਬਰ ਮੁਹੰਮਦ ਦੇ ਪੋਤੇ ਦੀ ਸ਼ਹਾਦਤ ਅਤੇ ਕਰਬਲਾ ਦੇ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਯਾਦ ਕੀਤਾ ਜਾਂਦਾ ਹੈ। ਕਰਬਲਾ ਦੇ ਸ਼ਹੀਦਾਂ ਨੇ ਇਸਲਾਮ ਧਰਮ ਨੂੰ ਨਵਾਂ ਜੀਵਨ ਦਿੱਤਾ ਸੀ।

ਦੁੱਖ ਦੇ ਇਸ ਮਹੀਨੇ ਮੁਹੱਰਮ ਦੀ 10 ਤਰੀਕ ਨੂੰ ਸ਼ੀਆ ਭਾਈਚਾਰੇ ਦੇ ਲੋਕ ਕਾਲੇ ਕੱਪੜੇ ਪਾ ਕੇ ਸੜਕਾਂ ਤੇ ਜਲੂਸ ਕੱਢਦੇ ਹਨ ਅਤੇ ਯਾ ਹੁਸੈਨ ਦੇ ਜੈਕਾਰੇ ਲਗਾ ਕੇ ਸੋਗ ਮਨਾਉਂਦੇ ਹਨ, ਜਦਕਿ ਦੂਜੇ ਪਾਸੇ ਸੁੰਨੀ ਭਾਈਚਾਰੇ ਦੇ ਲੋਕ ਦੋ ਦਿਨ ਵਰਤ ਰੱਖਦੇ ਹਨ। ਮੁਹੱਰਮ ਦੇ ਮਹੀਨੇ ਵਿੱਚ।

ਦੁੱਖ ਦੇ ਇਸ ਮਹੀਨੇ ਮੁਹੱਰਮ ਦੀ 10 ਤਰੀਕ ਨੂੰ ਸ਼ੀਆ ਮੁਸਲਮਾਨ ਕਾਲੇ ਕੱਪੜੇ ਪਹਿਨ ਕੇ ਸੜਕਾਂ ਤੇ ਜਲੂਸ ਕੱਢਦੇ ਹਨ ਅਤੇ ਸੋਗ ਮਨਾਉਂਦੇ ਹਨ। ਇਸ ਦੌਰਾਨ ਉਸ ਨੇ ਯਾ ਹੁਸੈਨ ਯਾ ਹੁਸੈਨ ਦਾ ਨਾਅਰਾ ਵੀ ਲਗਾਇਆ। ਉਹ ਇਸ ਗੱਲ ਤੇ ਜ਼ੋਰ ਦਿੰਦਾ ਹੈ ਕਿ ਹੁਸੈਨ ਨੇ ਇਸਲਾਮ ਦੀ ਰੱਖਿਆ ਲਈ ਆਪਣੀ ਜਾਨ ਦਿੱਤੀ, ਇਸ




ਲਈ ਉਸ ਦੇ ਸਨਮਾਨ ਵਿਚ ਸੋਗ ਕਰੋ। ਸ਼ੀਆ ਮੁਸਲਮਾਨ 10 ਦਿਨਾਂ ਤੱਕ ਆਪਣਾ ਦੁੱਖ ਪ੍ਰਗਟ ਕਰਦੇ ਹਨ। ਦੂਜੇ ਪਾਸੇ ਸੁੰਨੀ ਭਾਈਚਾਰੇ ਦੇ ਲੋਕ ਮੁਹੱਰਮ ਮਹੀਨੇ ਵਿੱਚ ਦੋ ਦਿਨ (9 ਅਤੇ 10ਵੀਂ ਜਾਂ 10ਵੀਂ ਅਤੇ 11ਵੀਂ) ਦਾ ਵਰਤ ਰੱਖਦੇ ਹਨ।

ਸ਼ੀਆ ਅਤੇ ਸੁੰਨੀ ਦੋਵੇਂ ਕੁਰਾਨ ਅਤੇ ਪੈਗੰਬਰ ਮੁਹੰਮਦ ਨੂੰ ਮੰਨਦੇ ਹਨ। ਦੋਵੇਂ ਇਸਲਾਮ ਦੇ ਜ਼ਿਆਦਾਤਰ ਪਹਿਲੂਆਂ ਤੇ ਸਹਿਮਤ ਹਨ। ਦੋਵਾਂ ਵਿਚਲਾ ਅੰਤਰ ਇਤਿਹਾਸ, ਵਿਚਾਰਧਾਰਾ ਅਤੇ ਲੀਡਰਸ਼ਿਪ ਨਾਲ ਜੁੜਿਆ ਹੋਇਆ ਹੈ।

ਇਸ ਦੇ ਨਾਲ ਹੀ 632 ਈਸਵੀ ਵਿੱਚ ਪੈਗੰਬਰ ਮੁਹੰਮਦ ਦੀ ਮੌਤ ਤੋਂ ਬਾਅਦ ਸ਼ੀਆ ਅਤੇ ਸੁੰਨੀ ਦਾ ਝਗੜਾ ਵੀ ਸ਼ੁਰੂ ਹੋ ਗਿਆ ਸੀ। ਜਿਸ ਦਾ ਕਾਰਨ ਖ਼ਲੀਫ਼ਾ ਦੀ ਚੋਣ ਸੀ। ਭਾਵ, ਪੈਗੰਬਰ ਦੀ ਗੈਰ-ਮੌਜੂਦਗੀ ਵਿੱਚ, ਉਸਦਾ ਖਲੀਫਾ ਕੌਣ ਹੋਵੇਗਾ? ਜਿੱਥੇ ਇੱਕ ਪਾਸੇ ਜ਼ਿਆਦਾਤਰ ਲੋਕ ਪੈਗੰਬਰ ਦੇ ਕਰੀਬੀ ਦੋਸਤ ਅਬੂ ਬਕਰ ਦੇ ਪੱਖ ਵਿੱਚ ਸਨ, ਉੱਥੇ ਦੂਜੇ ਪਾਸੇ ਕੁਝ ਲੋਕ ਹਜ਼ਰਤ ਮੁਹੰਮਦ ਦੇ ਜਵਾਈ ਅਲੀ ਨੂੰ ਖਲੀਫ਼ਾ ਬਣਾਉਣ ਦੀ ਵਕਾਲਤ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਪੈਗੰਬਰ ਨੇ ਅਲੀ ਨੂੰ ਮੁਸਲਿਮ ਭਾਈਚਾਰੇ ਦੇ ਸਿਆਸੀ ਅਤੇ ਧਾਰਮਿਕ ਆਗੂ ਵਜੋਂ ਚੁਣਿਆ ਸੀ। ਜਿਨ੍ਹਾਂ ਨੇ ਅਬੂ ਬਕਰ ਵਿਚ ਆਪਣਾ ਵਿਸ਼ਵਾਸ ਦਿਖਾਇਆ, ਉਨ੍ਹਾਂ ਨੂੰ ਸੁੰਨੀ ਕਿਹਾ ਜਾਂਦਾ ਸੀ। ਇਹ ਲੋਕ ਪੈਗੰਬਰ ਮੁਹੰਮਦ ਦੀ ਪਰੰਪਰਾ ਅਤੇ ਵਿਚਾਰਧਾਰਾ ਦਾ ਪਾਲਣ ਕਰਦੇ ਹਨ। ਦੂਜੇ ਪਾਸੇ, ਅਲੀ ਨੂੰ ਮੰਨਣ ਵਾਲਿਆਂ ਨੂੰ ਸ਼ੀਆ ਕਿਹਾ ਜਾਂਦਾ ਸੀ। ਇਸ ਤਰ੍ਹਾਂ ਅਬੂ ਬਕਰ ਪਹਿਲਾ ਖਲੀਫਾ ਅਤੇ ਅਲੀ ਚੌਥਾ ਖਲੀਫਾ ਬਣਿਆ। ਹਾਲਾਂਕਿ, ਅਲੀ ਦੀ ਅਗਵਾਈ ਨੂੰ ਪੈਗੰਬਰ ਦੀ ਪਤਨੀ ਅਤੇ ਅਬੂ ਬਕਰ ਦੀ ਧੀ ਆਇਸ਼ਾ ਦੁਆਰਾ ਵੀ ਚੁਣੌਤੀ ਦਿੱਤੀ ਗਈ ਸੀ। ਇਸ ਤੋਂ ਬਾਅਦ 656 ਈ: ਵਿਚ ਇਰਾਕ ਦੇ ਬਸਰਾ ਵਿਚ ਅਲੀ ਅਤੇ ਆਇਸ਼ਾ ਵਿਚਕਾਰ ਯੁੱਧ ਹੋਇਆ। ਆਇਸ਼ਾ ਉਸ ਲੜਾਈ ਵਿਚ ਹਾਰ ਗਈ, ਜਿਸ ਕਾਰਨ

ਸ਼ੀਆ-ਸੁੰਨੀ ਦਾ ਪਾੜਾ ਹੋਰ ਵੀ ਡੂੰਘਾ ਹੋ ਗਿਆ। ਇਸ ਤੋਂ ਬਾਅਦ ਦਮਿਸ਼ਕ ਦੇ ਮੁਸਲਿਮ ਗਵਰਨਰ ਮੁਆਵੀਆ ਨੇ ਵੀ ਅਲੀ ਵਿਰੁੱਧ ਜੰਗ ਸ਼ੁਰੂ ਕਰ ਦਿੱਤੀ, ਜਿਸ ਨਾਲ ਦੋਵਾਂ ਵਿਚਾਲੇ ਦੂਰੀ ਹੋਰ ਵੀ ਵਧ ਗਈ। ਆਉਣ ਵਾਲੇ ਸਾਲਾਂ ਵਿੱਚ, ਮੁਆਵੀਆ ਖਲੀਫਾ ਬਣ ਗਿਆ ਅਤੇ 670-750 ਈਸਵੀ ਤੱਕ ਰਾਜ ਕੀਤਾ।

ਉਮਯਾਦ ਰਾਜਵੰਸ਼ ਦੀ ਸਥਾਪਨਾ ਕੀਤੀ। ਇਸ ਤੋਂ ਬਾਅਦ, ਅਲੀ ਦੇ ਪੁੱਤਰ ਹੁਸੈਨ ਅਤੇ ਪੈਗੰਬਰ ਮੁਹੰਮਦ ਦੀ ਧੀ ਫਾਤਿਮਾ, ਪੈਗੰਬਰ ਦੇ ਪੋਤਰੇ ਨੇ ਇਰਾਕ ਦੇ ਕੂਫਾ ਵਿੱਚ ਮੁਆਵੀਆ ਦੇ ਪੁੱਤਰ ਯਜ਼ੀਦ ਵਿਰੁੱਧ ਜੰਗ ਛੇੜ ਦਿੱਤੀ। ਸ਼ੀਆ ਮੁਸਲਮਾਨ ਇਸ ਨੂੰ ਕਰਬਲਾ ਦੀ ਲੜਾਈ ਕਹਿੰਦੇ ਹਨ, ਜਿਸਦਾ ਬਹੁਤ ਧਾਰਮਿਕ ਮਹੱਤਵ ਹੈ। ਇਸ ਲੜਾਈ ਵਿੱਚ ਹੁਸੈਨ ਮਾਰਿਆ ਗਿਆ। ਭਾਵ ਉਹ ਸ਼ਹੀਦ ਹੋ ਗਿਆ ਅਤੇ ਉਸਦੀ ਫੌਜ ਹਾਰ ਗਈ। ਇਸਲਾਮ ਸਮੇਂ ਦੇ ਨਾਲ ਵਧਿਆ। ਸ਼ੀਆ ਅਤੇ ਸੁੰਨੀ ਮੁਸਲਮਾਨਾਂ ਨੇ ਵੱਖ-ਵੱਖ ਵਿਚਾਰਧਾਰਾਵਾਂ ਅਪਣਾਈਆਂ। ਸੁੰਨੀ ਮੁਸਲਮਾਨਾਂ ਨੇ ਧਰਮ ਨਿਰਪੱਖ ਲੀਡਰਸ਼ਿਪ ਦੀ ਚੋਣ ਕੀਤੀ। ਉਹ ਉਮਯਾਦ ਕਾਲ (660-750 ਈਸਵੀ ਤੱਕ ਦਮਿਸ਼ਕ ਵਿੱਚ ਅਧਾਰਤ) ਦੌਰਾਨ ਖਲੀਫਾ ਦੀ ਧਰਮ ਨਿਰਪੱਖ ਲੀਡਰਸ਼ਿਪ ਤੇ ਭਰੋਸਾ ਕਰਦੇ ਸਨ। ਸੁੰਨੀ ਮੁਸਲਮਾਨਾਂ ਨੂੰ ਸੱਤਵੀਂ ਅਤੇ ਅੱਠਵੀਂ ਸਦੀ ਵਿੱਚ ਸ਼ੁਰੂ ਹੋਏ ਵਿਚਾਰਾਂ ਦੇ ਚਾਰ ਇਸਲਾਮੀ ਸਕੂਲਾਂ ਤੋਂ ਹਰ ਚੀਜ਼ ਬਾਰੇ ਸਿੱਖਿਆ ਮਿਲਦੀ ਹੈ। ਸਿਰਫ ਧਾਰਮਿਕ ਹੀ ਨਹੀਂ, ਸਗੋਂ ਕਾਨੂੰਨ, ਪਰਿਵਾਰ, ਬੈਂਕਿੰਗ, ਵਿੱਤ ਅਤੇ ਇੱਥੋਂ ਤੱਕ ਕਿ ਵਾਤਾਵਰਣ ਨਾਲ ਜੁੜੇ ਮਾਮਲਿਆਂ ਤੇ ਵੀ ਸੁੰਨੀ ਮੁਸਲਮਾਨ ਇਨ੍ਹਾਂ ਸਕੂਲਾਂ ਦੀ ਮਦਦ ਨਾਲ ਫੈਸਲੇ ਲੈਂਦੇ ਹਨ। ਦੂਜੇ ਪਾਸੇ ਸ਼ੀਆ ਮੁਸਲਮਾਨ, ਇਮਾਮਾਂ ਨੂੰ ਆਪਣੇ ਧਾਰਮਿਕ ਆਗੂ ਮੰਨਦੇ ਹਨ, ਜਿਨ੍ਹਾਂ ਨੂੰ ਉਹ ਪੈਗੰਬਰ ਮੁਹੰਮਦ ਦੇ ਪਰਿਵਾਰ ਦੁਆਰਾ ਨਿਯੁਕਤ ਕੀਤਾ ਗਿਆ ਮੰਨਦੇ ਹਨ। ਸ਼ੀਆ ਮੁਸਲਮਾਨਾਂ ਦਾ ਮੰਨਣਾ ਹੈ ਕਿ ਪੈਗੰਬਰ ਦਾ ਪਰਿਵਾਰ ਉਨ੍ਹਾਂ ਦਾ ਅਸਲੀ ਨੇਤਾ ਹੈ। ਪੈਗੰਬਰ ਦੇ ਵੰਸ਼ਜ ਦੀ ਗੈਰ-ਮੌਜੂਦਗੀ ਵਿੱਚ, ਸ਼ੀਆ ਮੁਸਲਮਾਨ ਉਸ ਦੀ ਥਾਂ ਤੇ ਆਪਣਾ ਪ੍ਰਤੀਨਿਧੀ ਨਿਯੁਕਤ ਕਰਦੇ ਹਨ।

ਅੱਜ ਦੁਨੀਆ ਭਰ ਦੀ ਮੁਸਲਿਮ ਆਬਾਦੀ ਦਾ 80-90 ਪ੍ਰਤੀਸ਼ਤ ਸੁੰਨੀ ਹੈ। ਜਦੋਂ ਕਿ ਸ਼ੀਆ ਮੁਸਲਮਾਨਾਂ ਦੀ ਆਬਾਦੀ ਬਹੁਤ ਘੱਟ ਦੱਸੀ ਜਾਂਦੀ ਹੈ, ਸਿਰਫ 10-20 ਪ੍ਰਤੀਸ਼ਤ ਦੇ ਆਸਪਾਸ।

**: ਪੇਸ਼ਕਾਰੀ :ਸੁਨੀਲ ਬਾਜਪਾਈ (ਕਵੀ, ਗੀਤਕਾਰ, ਲੇਖਕ ਅਤੇ ਸੀਨੀਅਰ ਪੱਤਰਕਾਰ),ਕਾਨਪੁਰ।**

# ਮੋਗਾ ਦਾ ਅਪ੍ਰੈਂਟਿਸ ਪ੍ਰੋਜੈਕਟ (ਟੈਪ) ਸ਼ੁਰੂ ਕਰਨ ਵਾਲਾ ਦੇਸ਼ ਦਾ 11ਵਾਂ ਸ਼ਹਿਰ ਬਣਿਆ

ਮੋਗਾ, (ਲੋਕ ਬਾਣੀ) ਡਿਪਟੀ ਕਮਿਸ਼ਨਰ ਸ੍ਰ ਕੁਲਵੰਤ ਸਿੰਘ ਦੀ ਸਿੱਖਿਆ ਪ੍ਰਤੀ ਹਾਂ ਪੱਖੀ ਸੋਚ ਤਹਿਤ ਜ਼ਿਲ੍ਹਾ ਮੋਗਾ ਵਿੱਚ ਦਾ ਅਪ੍ਰੈਂਟਿਸ ਪ੍ਰੋਜੈਕਟ (ਟੈਪ) ਦੀ ਸ਼ੁਰੂਆਤ ਕੀਤੀ ਗਈ ਹੈ। ਇਹ ਇੱਕ ਆਪਣੇ ਤਰ੍ਹਾਂ ਦਾ ਕ੍ਰਾਂਤੀਕਾਰੀ ਸਿੱਖਿਆ ਪ੍ਰੋਗਰਾਮ ਹੈ। ਜ਼ਿਲ੍ਹਾ ਮੋਗਾ ਇਸ ਨਵੀਨਤਾਕਾਰੀ ਪਹਿਲਕਦਮੀ ਨਾਲ ਭਾਰਤ ਦਾ 11ਵਾਂ ਸ਼ਹਿਰ ਬਣ ਗਿਆ ਹੈ, ਜਿੱਥੇ ਇਹ ਪ੍ਰੋਜੈਕਟ ਚੱਲ ਰਿਹਾ ਹੈ। ਇਸ ਤੋਂ ਪਹਿਲਾਂ ਮੁੰਬਈ, ਪੁਣੇ, ਦਿੱਲੀ ਸਮੇਤ ਦੇਸ਼ ਦੇ 10 ਮੈਟਰੋਪੋਲੀਟਨ ਸ਼ਹਿਰਾਂ ਵਿੱਚ ਇਹ ਪ੍ਰੋਜੈਕਟ ਸਫਲਤਾਪੂਰਵਕ ਚੱਲ ਰਿਹਾ ਹੈ।

ਸ੍ਰੀਮਤੀ ਸ਼ੁਭੀ ਆਂਗਰਾ, ਸਹਾਇਕ ਕਮਿਸ਼ਨਰ (ਜ) ਮੋਗਾ ਨੇ ਅੱਜ ਪ੍ਰੋਜੈਕਟ ਦਾ ਉਦਘਾਟਨ ਕਰਦਿਆਂ ਸਕੂਲੀ ਬੱਚਿਆਂ ਨੂੰ 21ਵੀਂ ਸਦੀ ਦੇ ਜ਼ਰੂਰੀ ਹੁਨਰਾਂ ਨੂੰ ਵਿਕਸਤ ਕਰਨ ਲਈ ਇਸ ਮੌਕੇ ਦਾ ਲਾਭ ਉਠਾਉਣ ਲਈ ਉਤਸ਼ਾਹਿਤ ਕੀਤਾ।

ਟੈਪ, ਮੈਂਟਰ ਮੀ ਫਾਊਂਡੇਸ਼ਨ ਦੇ ਅਧੀਨ ਇੱਕ ਪ੍ਰੋਗਰਾਮ, ਪੂਰੇ ਭਾਰਤ ਵਿੱਚ ਪੱਛੜੇ ਵਿਦਿਆਰਥੀਆਂ ਨੂੰ ਵਿਅਕਤੀਗਤ ਸਿਖਲਾਈ ਅਨੁਭਵ ਅਤੇ ਸਹਾਇਤਾ ਪ੍ਰਦਾਨ ਕਰਨ ਲਈ ਨਕਲੀ ਬੁੱਧੀ (ਏ ਆਈ) ਅਤੇ ਮਸ਼ੀਨ ਸਿਖਲਾਈ (ਮਸ਼ੀਨ ਲਰਨਿੰਗ) ਦਾ ਲਾਭ ਦਿੰਦਾ ਹੈ। ਪ੍ਰੋਗਰਾਮ ਦਾ ਉਦੇਸ਼ ਆਧੁਨਿਕ ਸਿੱਖਿਆ ਦੇ ਪਾੜੇ ਨੂੰ ਪੂਰਾ ਕਰਨਾ ਹੈ ਤਾਂ ਜੋ ਸਾਰੇ ਬੱਚਿਆਂ ਨੂੰ ਸਫਲ ਹੋਣ ਲਈ ਲੋੜੀਂਦੇ ਹੁਨਰ ਪੈਦਾ ਕਰਨ ਦੇ ਯੋਗ ਬਣਾਇਆ ਜਾ ਸਕੇ।

ਸ਼੍ਰੀਮਤੀ ਸ਼ੁਭੀ ਆਂਗਰਾ ਨੇ ਬੱਚਿਆਂ ਨੂੰ ਅੱਜ ਅਤੇ ਕੱਲ੍ਹ ਦੇ ਆਗੂ ਬਣਨ ਲਈ ਸ਼ਕਤੀ ਪ੍ਰਦਾਨ ਕਰਨ ਲਈ ਟੈਪ ਵਰਗੇ ਪ੍ਰੋਗਰਾਮਾਂ ਦੀ ਮਹੱਤਤਾ ਤੇ ਜ਼ੋਰ ਦਿੱਤਾ। ਉਹਨਾਂ ਨੇ ਸਾਰੇ ਸਕੂਲੀ ਬੱਚਿਆਂ ਨੂੰ ਇਸ ਨਵੀਨਤਾਕਾਰੀ ਪ੍ਰੋਗਰਾਮ ਦਾ ਲਾਭ ਉਠਾਉਣ ਦੀ ਅਪੀਲ ਕੀਤੀ, ਜੋ ਉਹਨਾਂ ਨੂੰ ਰਚਨਾਤਮਕਤਾ, ਸਮੱਸਿਆ ਹੱਲ ਕਰਨ, ਸੰਚਾਰ, ਫੈਸਲੇ ਲੈਣ, ਆਲੋਚਨਾਤਮਕ ਸੋਚ ਅਤੇ ਉਤਸੁਕਤਾ ਵਿੱਚ ਮਹੱਤਵਪੂਰਨ ਹੁਨਰ ਵਿਕਸਿਤ ਕਰਨ ਵਿੱਚ ਮਦਦ ਕਰੇਗਾ।

ਸ਼੍ਰੀ ਪ੍ਰਸ਼ਾਂਤ ਕੁਮਾਰ, ਸਹਿ-ਸੰਸਥਾਪਕ ਅਤੇ ਮੁੱਖ ਪ੍ਰਬੰਧਕੀ ਅਫਸਰ, ਨੇ ਟੈਪ ਦੇ ਚੈਟਬੋਟ-ਅਧਾਰਿਤ ਪ੍ਰੋਗਰਾਮ, ਟੈਪ ਬੱਡੀ ਦੇ ਪ੍ਰਭਾਵਸ਼ਾਲੀ ਨਤੀਜਿਆਂ ਨੂੰ ਉਜਾਗਰ ਕੀਤਾ, ਜਿਸ ਨੇ ਪਹਿਲਾਂ ਹੀ 34,000 ਤੋਂ ਵੱਧ ਵਿਦਿਆਰਥੀਆਂ ਨੂੰ ਪ੍ਰਭਾਵਿਤ ਕੀਤਾ ਹੈ, ਜਿਸ ਵਿੱਚ 246 ਸਕੂਲਾਂ ਵਿੱਚ ਦਾਖਲਾ ਹੋਇਆ ਹੈ ਅਤੇ ਬੋਟ ਨਾਲ ਸਾਲਾਨਾ ਕੁੱਲ 482,000 ਜਾਣਕਾਰੀਆਂ ਸਾਂਝੀਆਂ ਹੁੰਦੀਆਂ ਹਨ।

ਸਮਾਗਮ ਵਿੱਚ ਸ੍ਰੀ ਲਕਸ਼ੇ ਗੁਪਤਾ, ਜ਼ਿਲ੍ਹਾ ਮਾਲ ਅਫ਼ਸਰ; ਸ੍ਰ ਪ੍ਰਭਦੀਪ ਸਿੰਘ ਨੱਥੋਵਾਲ, ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਸ੍ਰ ਗੁਰਦਿਆਲ ਸਿੰਘ, ਡਿਪਟੀ




ਡੀ.ਈ.ਓ. ਸ਼੍ਰੀ ਸ਼ਿਵਦੀਪ ਗੋਇਲ; ਸ੍ਰੀ ਰੋਹਿਤ ਗਿਲੋਤਰਾ, ਮੈਨੇਜਰ; ਸ਼੍ਰੀ ਮਾਧਵ ਜੋਸ਼ੀ; ਸ਼੍ਰੀ ਦੁਰਗੇਸ਼ ਰਾਏ; ਸ਼੍ਰੀਮਤੀ ਨੀਲਮ ਵਸ਼ਿਸ਼ਟ ਅਤੇ ਵੱਖ-ਵੱਖ ਸਕੂਲਾਂ ਦੇ ਸਕੂਲ ਮੁਖੀ ਹਾਜ਼ਰ ਸਨ।

DIPS INSTITUTIONS
CHAIN OF DIPS INSTITUTIONS
KNOWLEDGE IS POWER
DIPS ITM
DIPS INSTITUTE OF MANAGEMENT & TECHNOLOGY
RAMNEEK AVENUE, PATHANKOT BYE PASS
JALANDHAR CITY
www.dipsimt@gmail.com (dipsimt@gmail.com)
Contact: 95010-00697, 97806-00998